

Designed by
Neel Kamal Singh
Manipur (India)

THE HIDDEN WORDS · BAHA'U'LLAH



ਬਹਾਉੱਲਾ
ਦੇ
ਗੁਝ ਵਾਕ

Punjabi Translation of

" THE HIDDEN WORDS "

—BAHA'U'LLAH

Published by :

State Baha'i Council of Punjab

Kothi No. 1026, Sector 8-C,

CHANDIGARH-160008

Translation : **Prof. J. Rishi**

© The National Spiritual Assembly
of the Baha'is of India,
6-Canning Road, Baha'i House,
New Delhi-110001.

Printed at :
GREAT INDIA PRESS
S.C.F. No. 42, Sector 7-C,
CHANDIGARH
Phone : 27776 P.P.

ਬਹਾਉੱਲਾ ਦੇ "ਗੁਪਤ ਵਾਕ" ਇੱਕ ਵਿਚਾਰ

ਲੇਖਕ—ਜਾਰਜ ਟਾਊਨਸ਼ੈਂਡ

ਇਸ ਬਾਣੀ ਵਿੱਚ ਸੰਸਾਰ ਦੇ ਧਰਮ ਮਿਲਦੇ ਹਨ ਅਤੇ ਇਕ ਮਹਾਨ ਪਿਆਰ ਦੀ ਅੱਗ ਵਿੱਚ ਪਿਘਲਕੇ ਇਕ ਰੂਪ ਹੋ ਜਾਂਦੇ ਹਨ।

"ਇਹ ਉਹ (ਬਾਣੀ) ਹੈ ਜਿਹੜੀ ਤੇਜ ਦੇ ਰਾਜ ਵਿੱਚੋਂ ਉੱਤਰੀ, ਕੁਦਰਤ ਦੀ ਜ਼ਬਾਨ ਨੇ ਉਚਾਰ ਅਤੇ ਪੁਰਾਤਨ ਅਗੰਮੀ ਪੁਰਖਾਂ ਤੇ ਪ੍ਰਗਟ ਹੋਈ ਹੈ। ਅਸਾਂ ਇਸ ਦਾ ਅੰਦਰਲਾ ਤੱਤ ਲੈ ਲਿਆ ਅਤੇ ਉਸ ਨੂੰ ਸੰਖੇਪ ਦਾ ਵਸਤਰ ਪਵਾ ਦਿੱਤਾ ਹੈ।"

ਖੁਲਾਸਿਆਂ ਦੇ ਇਸ ਯੁਗ ਵਿੱਚ ਇਸ ਤਰ੍ਹਾਂ ਦਾ ਕੋਈ ਖੁਲਾਸਾ ਨਹੀਂ ਮਿਲੇਗਾ। ਕਿਸ ਹੋਰ ਕਲਮ ਨੇ ਇਹ ਜਿਹਾ ਸਾਰੰਸ਼ ਤਿਆਰ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਜਿਹੜਾ ਇਤਨਾ ਸੰਖਿਪਤ ਹੋਵੇ ਅਤੇ ਇੰਨਾ ਸੰਪੂਰਨ ਵੀ ਹੋਵੇ ਕਿ 160 ਤੋਂ ਵੀ ਘੱਟ ਛੋਟੇ ਛੋਟੇ

ਵਾਕਾਂ ਅੰਦਰ ਸੰਸਾਰ ਦੇ ਧਰਮਾਂ ਦੀ/ਸਿੱਖਿਆ ਦਾ ਮਹੱਤਵਪੂਰਨ ਤੱਤ ਆ ਜਾਂਦਾ। ਸੰਗੀ ਅਫ਼ੈਦੀ ਦੁਆਰਾ ਕੀਤੇ ਅਨੁਵਾਦ ਦੇ ਰੂਪ ਵਿਚ "ਗ੍ਰੰਥ ਵਾਕ" ਇਕ ਛੋਟੀ ਜਿਹੀ ਜੇਬੀ ਪੁਸਤਕ ਹੈ।

ਇਸ ਦੇ ਬਾਵਜੂਦ, ਇੰਨਾ ਸੰਖਿਪਤ ਰੂਪ ਹੁੰਦਿਆ ਹੋਇਆਂ ਵੀ, ਇਸ ਵਿੱਚ ਸੰਖੇਪ ਜਾਂ ਖ਼ੁਲਾਸ ਦਾ ਕੋਈ ਚਿੰਨ੍ਹ ਨਹੀ ਹੈ। ਇਸ ਵਿੱਚ ਇਕ ਮੌਲਿਕ ਰਚਨਾ ਦੀ ਪਹੁੰਚ ਸ਼ਕਤੀ ਅਤੇ ਤਾਜ਼ਗੀ ਹੈ। ਇਹ ਬਿੰਬਾ ਨਾਲ ਭਰਪੂਰ ਹੈ, ਵਿਚਾਰਾਂ ਨਾਲ ਲੱਦੀ ਹੈ ਅਤੇ ਜ਼ਜ਼ਬਿਆਂ ਨਾਲ ਧੜਕਦੀ ਹੈ। ਅਨੁਵਾਦ ਦੀ ਵਿੱਚ ਹੁੰਦਿਆਂ ਹੋਇਆਂ ਵੀ ਆਦਮੀ ਸ਼ੈਲੀ ਦੀ ਭਾਕਤ ਅਤੇ ਸ਼ਾਨ ਮਹਿਸੂਸ ਕਰਦਾ ਹੈ, ਅਤੇ ਇਸ ਲੇਖ ਦੀ ਵਿਚਿੱਤਰਤਾ ਤੇ ਹੈਰਾਨ ਹੁੰਦਾ ਹੈ ਜਿਸ ਵਿੱਚ ਪਿਆਰ ਦੀ ਦਿੱਲੀ ਨਿੱਘੀ ਅਤੇ ਕੋਮਲ ਕਿਰਪਾਲਤਾ ਦੇ ਨਾਲ ਹੀ ਇੰਨੀ ਆਬਦਾਬ ਅਤੇ ਬੁਲੰਦੀ ਪਾਈ ਜਾਂਦੀ ਹੈ।

ਆਦਿ ਤੋਂ ਅੰਤ ਤੀਕ ਇਸ ਪੁਸਤਕ ਦੀ ਸਿੱਖਿਆ ਨੂੰ ਇਕ ਅਤਿ ਤੀਬਰ ਅਤੇ ਸਥਿਰ ਅਧਿਆਤਮਿਕਤਾ ਦੇ ਰੰਗ ਲੱਗੇ ਹੋਏ ਹਨ। ਪਹਿਲੇ ਵਾਕ ਨਾਲ ਹੀ

ਪਾਠਕ ਅਕਾਸ਼ ਨੂੰ ਛੂਹਣ ਲਗ ਜਾਂਦਾ ਹੈ ਅਤੇ ਉਸ ਦੀ ਨਜ਼ਰ ਰਦੋਂ ਵੀ ਨਹੀਂ ਹੁੰਦਲਾਉਂਦੀ ਜਦੋਂ ਕਿ ਰੋਜ਼ ਦਾ ਕਾਰੋਬਾਰੀ ਜੀਵਨ ਸੰਬੰਧੀ ਉਪਦੇਸ਼ ਦਿੱਤ ਜਾਂਦੇ ਹਨ; ਜਿਵੇਂ ਕਿ ਰੋਜ਼ੀ ਕਮਾਉਣ ਅਤੇ ਉਸ ਨੂੰ ਮਨ ਵਿੱਚ ਪ੍ਰਭੂ ਦਾ ਪਿਆਰ ਰੱਖਦਿਆਂ, ਆਪਣੇ ਪਰਿਵਾਰ ਤੇ ਖਰਚ ਕਰਨ ਸੰਬੰਧੀ। ਮਨੁੱਖ ਅਤੇ ਮਨੁੱਖੀ ਸਭਾ ਦੀ ਜਿਹੜੀ ਤਸਵੀਰ ਖਿੱਚੀ ਗਈ ਹੈ ਉਹ ਸ੍ਰੇਸ਼ਠ ਅਤੇ ਉੱਚ ਹੈ। ਦੇਖਣ ਨੂੰ ਜੇ ਉਹ "ਮਿੱਟੀ ਦਾ ਬੰਮ" ਅਤੇ "ਲੰਘ ਰਹੀ ਛਾਇਆ ਹੈ" ਤਾਂ ਆਪਣੇ ਅਸਲੀ ਰੂਪ ਵਿੱਚ ਉਹ "ਪ੍ਰਭੂ ਦਾ ਪੱਤਰ ਅਤ ਅਣਡਿੱਠ ਤੱਤ" ਹੈ, "ਪ੍ਰਭੂ ਦੇ ਸਿੰਘਾਸਣ ਦਾ ਸਾਥੀ" ਹੈ। ਸਾਰੇ ਲੰਕਾਂਤਰ ਉਸ ਦੀ ਸਿੱਖਿਆ ਲਈ ਬਣਾਏ ਗਏ ਹਨ। ਸਾਰੀ ਧਾਰਮਿਕ ਸਿੱਖਿਆ ਦਾ ਮਨੋਰਥ ਹੈ ਉਸ ਨੂੰ ਪ੍ਰਭੂ ਦਾ ਪਿਆਰ ਅਤੇ ਉਸ ਦੀਆ ਬਖਸ਼ਿਸ਼ਾਂ ਹਾਸਲ ਕਰਨ ਦੇ ਯਗ ਬਨਾਉਣਾ

"ਗ੍ਰੰਥ ਵਾਕ" ਪਿਆਰ ਦਾ ਗੀਤ ਹੈ। ਇਸ ਦਾ ਵਿਛੋਕੜ ਹੈ ਸਾਰੇ ਯੁੱਗਾਂ ਦੀ ਪ੍ਰੇਮ ਕਥਾ—ਨਰ ਅਤੇ ਨਾਰਾਇਣ, ਸਿਰਜਣਹਾਰ ਅਤੇ ਉਸ ਦੇ ਸਿਰਜੇ ਜੀਵ ਦਾ ਆਪਸੀ ਪਿਆਰ। ਇਸ ਦਾ ਵਿਸ਼ਾ ਹੈ ਰੱਬ ਦਾ

ਸਿਦਕ ਅਤੇ ਮਨੁੱਖ ਦੀ ਬੇਵਫ਼ਾਈ। ਇਹ ਉਸ ਮਹਾਨ ਪ੍ਰੀਤਮ ਦੀ ਕਹਾਣੀ ਹੈ ਜਿਹੜਾ ਆਪਣੇ ਜੀਵਾਂ ਨੂੰ ਆਪ ਤੋਂ ਇਸ ਲਈ ਨਿਖੇੜਦਾ ਹੈ ਤਾਂ ਜੋ, ਉਨ੍ਹਾ ਵਿੱਚ ਪਾਈ ਗਈ ਆਤਮਾ ਦੁਆਰਾ, ਉਹ ਆਪਣੀ ਇੱਛਾ ਨਾਲ ਉਸ ਨਾਲ ਮਿਲਾਪ ਦਾ ਰਾਹ ਲਭ ਲੈਣ, ਜਿਹੜਾ ਉਨ੍ਹਾਂ ਦੀ ਜੰਨਤ ਅਤੇ ਸਦੀਵੀਂ ਟਿਕਾਣਾ ਹੈ। ਇਸ ਵਿੱਚ ਦੱਸਿਆ ਹੈ ਕਿ ਕਿਵੇਂ ਉਹ ਆਪਣੇ ਘੜੇ ਹੋਏ ਛਾਇਆਰੂਪ ਦੇ ਧਿਆਨ ਵਿੱਚ ਰੁੱਝ ਗਏ, ਕਿਵੇਂ ਉਹ ਅਣਥੱਕ ਪਿਆਰ ਨਾਲ ਸਦਾ ਉਨ੍ਹਾ ਨੂੰ ਭਾਲਦਾ ਰਿਹਾ ਅਤੇ ਉਨ੍ਹਾਂ ਨੂੰ ਉਸ ਤਬਾਹੀ ਵਿੱਚ ਨਾ ਪੈਣ ਦਿੱਤਾ ਜਿਹੜੀ ਉਨ੍ਹਾ ਨ ਆਪ ਸਹੇੜੀ ਸੀ, ਸਗੋਂ ਵਾਪਸ ਬੁਲਾਉਂਦਾ ਰਿਹਾ, ਤਾਂ ਜੋ ਉਹ ਅਜੇ ਵੀ ਸੁਰਗ ਦਾ ਦਰਵਾਜਾ ਆ ਲੰਘਣ, ਜਿਹੜਾ ਕਦੇ ਬੰਦ ਨਹੀਂ ਹੁੰਦਾ। ਕੇਵਲ ਇਸ ਪ੍ਰੇਮ ਕਹਾਣੀ ਦੀ ਅੰਤਮ ਘਟਨਾ ਦੀ ਥੱਤ ਹੈ। ਪ੍ਰਭੂ ਬੁਲਾਉਂਦਾ ਹੈ, ਅਤੇ ਜਦੋਂ ਉਸ ਦਾ ਵਾਕ ਪੂਰਾ ਹੋ ਜਾਂਦਾ ਹੈ ਤਾਂ ਉਹ ਰੁਕ ਜਾਂਦਾ ਹੈ ਤਾਂ ਜੋ ਮਨੁੱਖ ਉੱਤਰ ਦੇਵੇ ਉਹ ਉਡੀਕਦਾ ਹੈ ਅਤੇ ਕੰਨ ਲਾ ਕੇ ਸੁਣਦਾ ਹੈ।

ਪਿਆਰ ਹੀ ਸ੍ਰਿਸ਼ਟੀ ਦਾ ਕਾਰਨ ਹੈ : ਇਹੀ ਆਦਿ

ਹੈ ਇਹੀ ਅੰਤ ਹੈ ਅਤੇ ਇਹੀ ਮਾਰਗ ਹੈ। ਪ੍ਰਭੂ, ਜਿਹੜਾ ਆਪ ਇਕ ਗੁਪਤ ਖ਼ਜ਼ਾਨਾ ਹੈ, ਮਨੁੱਖ ਲਈ ਆਪਣੇ ਪਿਆਰ ਤਾਂ ਜਾਣੂੰ ਸੀ, ਉਸਨੇ ਮਨੁੱਖ ਨੂੰ ਨੇਸਤੀ ਦੇ ਸਾਰੂਥਲਾਂ 'ਚੋਂ ਬਾਹਰ ਕੱਢਿਆ, ਆਪਣੇ ਆਕਾਰ ਨੂੰ ਇਸ ਤੇ ਚਿਤਰਿਆ ਅਤੇ ਆਪਣਾ ਰੂਪ ਇਸ ਤੇ ਪ੍ਰਗਟ ਕੀਤਾ। ਪ੍ਰਭੂ ਤੋਂ ਬਿਨਾਂ ਮਨੁੱਖ ਦੇ ਕੋਲ ਕੁਝ ਨਹੀਂ, ਪਰੰਤੂ ਪ੍ਰਭੂ ਨਾਲ ਮਿਲਕੇ ਉਹ ਸਭ ਕੁਝ ਦਾ ਮਾਲਕ ਹੈ। ਪ੍ਰਭੂ ਨੇ ਬ੍ਰਹਿਮੰਡ ਦੇ ਹਰੇਕ ਪ੍ਰਮਾਣੂੰ ਅਤੇ ਸ੍ਰਿਸ਼ਟੀ ਦੀ ਹਰੇਕ ਸ਼ੈ ਦੇ ਤੱਤ ਨੂੰ ਉਸ ਦੀ ਸਿਖਲਾਈ ਦਾ ਆਦੇਸ਼ ਦਿੱਤਾ। ਉਹ ਪ੍ਰਭੂ ਦਾ ਰਾਜ ਹੈ ਜਿਹੜਾ ਕਦੇ ਨਹੀਂ ਮਿਟੇਗਾ, ਉਸ ਦੀ ਜੋਤ ਹੈ ਜਿਹੜੀ ਕਦੇ ਨਹੀਂ ਬਝੇਗੀ ਉਸ ਦਾ ਤੇਜ਼ ਹੈ ਜਿਹੜਾ ਕਦੇ ਘਟਦਾ ਨਹੀਂ; ਉਸ ਦਾ ਵਸਤਰ ਹੈ ਜਿਹੜਾ ਕਦੇ ਫਟਦਾ ਨਹੀਂ। ਉਹ ਪਿਆਰ ਦੀ ਮਿੱਟੀ ਅਤੇ ਗਿਆਨ ਦੇ ਤੱਤ ਵਿੱਚੋਂ ਘੜਿਆ ਗਿਆ ਹੈ. ਅਤ ਬਣਿਆ ਹੀ ਭਰਪੂਰ ਅਤੇ ਸ੍ਰੇਸ਼ਠ ਹੈ। ਨਿਰਸਦੇਹ ਉਹ ਪ੍ਰਭੂ ਦਾ ਦੀਪਕ ਹੈ, ਅਤੇ ਉਸ ਦੇ ਅੰਦਰ ਜੋਤਾਂ ਦੀ ਜੋਤ ਹੈ। ਉਹ ਪ੍ਰਭੂ ਦਾ ਗਹਣਾ ਹੈ ਅਤੇ ਪ੍ਰਭੂ ਦਾ ਪਿਆਰ ਉਸਦੇ ਅੰਦਰ ਹੈ। ਉਸਦਾ

ਦਿਲ ਪ੍ਰਭੂ ਦਾ ਘਰ ਹੈ, ਅਤੇ ਉਸ ਦੀ ਆਤਮਾ ਪ੍ਰਭੂ ਦੇ ਪ੍ਰਗਟਾਉ ਦਾ ਸਥਾਨ ਹੈ। ਜੇ ਉਹ ਆਪਣੀ ਆਤਮਾ ਨੂੰ ਪਵਿੱਤਰ ਕਰ ਲਵੇ ਤਾਂ ਆਪਣੇ ਜਨਮ ਦੁਆਰ ਤੋਂ ਪਿਛਾਂਹ ਵੀ ਝਾਤੀ ਮਾਰ ਸਕੇ ਅਤੇ ਪ੍ਰਭੂ ਵਲੋਂ ਉਸ ਦੇ ਜਨਮ ਪੂਰਵ ਦਿਤੇ ਸਦੀਵੀਂ ਆਦੇਸ਼ ਅਤੇ ਕੀਤੇ ਹੋਏ ਇਕਰਾਰ ਨੂੰ ਯਾਦ ਕਰ ਸਕ। ਜ਼ਰਾ ਆਪਣੇ ਅੰਦਰ ਝਾਤੀ ਮਾਰੇ ਤਾਂ ਪ੍ਰਭੂ ਨੂੰ ਦੇਖ ਸਕੇਗਾ, ਸ਼ਕਤੀਮਾਨ, ਸਮਰੱਥ ਅਤੇ ਉੱਚ ਤੋਂ ਉੱਚ।

ਹਾਏ ! ਆਪਣੀ ਭਿੰਨਤਾ ਦੇ ਹੰਕਾਰ ਭਰੇ ਭੁਲੇਖੇ ਵਿੱਚ ਮਨੁੱਖ ਇਹ ਭੁੱਲ ਗਿਆ ਹੈ ਕਿ ਉਹ ਕਿੱਥੋਂ ਆਇਆ ਹੈ, ਕੀ ਹੈ ਅਤੇ ਕਿੱਧਰ ਜਾ ਰਿਹਾ ਹੈ। ਉਸਨੇ ਆਪਣੇ ਸੱਚੇ ਪ੍ਰਮਾਤਮਾ ਤੋਂ ਮੂੰਹ ਮੋੜ ਲਿਆ ਹੈ ਅਤੇ ਆਪਣਾ ਦਿਲ ਬੇਗਾਨ ਅਤੇ ਦੁਸ਼ਮਣ ਨੂੰ ਦੇ ਦਿੱਤਾ ਹੈ। ਹਉਮੈਂ ਦੀ ਕੈਦ ਵਿੱਚ ਜਕੜੇ ਹੋਏ ਅਤ ਮੌਤ ਤੋਂ ਬਰ ਥਰ ਕੰਬਦੇ ਜਿਹੜੀ ਸ਼ਾਇਦ ਉਸ ਲਈ ਖੁਸ਼ੀ ਦਾ ਸੁਨੇਹਾ ਲੈ ਕੇ ਹੀ ਆਵੇ – ਉਸਨੇ ਸੰਸਾਰਿਕਤਾ ਦੇ ਜਾਮ ਦੀ ਘਟੀਆ ਗਾਦ ਦੀ ਖਾਤਰ ਸੱਚੀ ਸਿਆਣਪ ਦੀ ਅਮਰ ਸ਼ਰਾਬ ਅਸਵੀਕਾਰ ਕਰ ਦਿੱਤੀ ਹੈ ਅਤੇ ਛਿਨ ਭੰਗੁਰ ਸੰਸਾਰ ਦੀ ਘੜੀ ਭਰ ਦੀ

ਮਾਲਕੀ ਦੇ ਮਜ਼ੇ ਲੁੱਟਣ ਲਈ ਸਦਾ ਰਹਿਣ ਵਾਲੇ ਰਾਜ ਨੂੰ ਤਿਆਗ ਦਿੱਤਾ ਹੈ।

ਹੰਕਾਰ ਅਤੇ ਅਵੱਗਿਆ ਨੇ ਮਨੁੱਖਾਂ ਨੂੰ ਇੰਨਾ ਅੰਨ੍ਹਾਂ ਕਰ ਦਿੱਤਾ ਹੈ ਕਿ ਉਹ ਇਨ੍ਹਾਂ ਬੇਅਰਥ ਕਲਪਨਾਵਾਂ ਨਾਲ ਖ਼ੂਬ ਸੰਤੁਸ਼ਟ ਹੋਏ ਰਹਿੰਦੇ ਹਨ। ਉਹ ਸੱਚ ਨੂੰ ਝੂਠ ਤੋਂ ਵੱਖਰਾ ਨਹੀਂ ਕਰ ਸਕਦੇ ਅਤੇ ਜਦੋਂ ਸੱਚ ਆਪਣੀ ਅਣਕੱਜੀ ਪਵਿੱਤਰਤਾ ਨਾਲ ਉਨ੍ਹਾਂ ਦੇ ਸਾਹਮਣੇ ਆਉਂਦਾ ਹੈ, ਤਾਂ ਉਸਨੂੰ ਪਛਾਣ ਵੀ ਨਹੀਂ ਸਕਦੇ। ਭਾਵੇਂ ਉਹ ਸਰਵ ਤੇਜਧਾਰੀ ਪ੍ਰਭੂ ਦੀ ਹਜ਼ੂਰੀ ਵਿੱਚ ਦਾਖਲ ਹੋ ਜਾਣ; ਭਾਵੇਂ ਜਿਸ ਦੀ ਭਾਲ ਦਾ ਉਹ ਢੌਂਗ ਰਚਾਉਂਦੇ ਹਨ, ਉਸ ਦਾ ਜ਼ਹੂਰ ਉਨ੍ਹਾਂ ਦੇ ਸਾਹਮਣੇ ਆ ਜਾਵੇ ਅਤੇ ਸ਼ਕਤੀਮਾਨ ਦਾ ਮੁਖੜਾ ਆਪਣੀ ਪੂਰੀ ਸੁੰਦਰਤਾ ਲੈਕੇ ਉਨ੍ਹਾਂ ਵੱਲ ਤੱਕ ਰਿਹਾ ਹੋਵੇ, ਤਾਂ ਵੀ ਉਹ ਅੰਨ੍ਹੇ ਹੀ ਰਹਿੰਦੇ ਹਨ ਅਤੇ ਦੇਖ ਨਹੀਂ ਸਕਦੇ। ਉਨ੍ਹਾਂ ਚੀਆਂ ਅੱਖਾਂ ਆਪਣੇ ਪ੍ਰੀਤਮ ਨੂੰ ਦੇਖਣ ਵਿੱਚ ਅਸਮਰਥ ਰਹਿੰਦੀਆਂ ਹਨ, ਉਨ੍ਹਾਂ ਦਾ ਹੁੱਬ ਉਸ ਦੇ ਵਸਤਰ ਦਾ ਪੱਲਾ ਨਹੀਂ ਛੂਹ ਸਕਦਾ। ਭਾਵੇਂ ਉਸਦੇ ਹਰੇਕ ਵਾਕ ਵਿੱਚ ਹਜ਼ਾਰਾਂ ਹਜ਼ਾਰਾਂ ਰਮਜ਼ਾਂ ਹੁੰਦੀਆਂ ਹਨ ਪਰ ਕੰਦੀ

ਸਮਝਦਾ ਨਹੀਂ । ਕੋਈ ਧਿਆਨ ਨਹੀਂ ਦਿੰਦਾ । ਉਸਨੇ ਮਨੁੱਖੀ ਹਿਰਦੇ ਨੂੰ ਆਪਣਾ ਨਿਵਾਸ ਬਣਾਇਆ ਹੈ, ਪਰੰਤੂ ਉਨ੍ਹਾਂ ਨੇ ਇਹ ਕਿਸੇ ਹੋਰ ਨੂੰ ਦੇ ਦਿੱਤਾ ਹੈ । ਧਰਤੀ ਤੇ ਆਪਣਿਆਂ ਵਿੱਚ ਹੁੰਦਿਆਂ ਹੋਇਆਂ ਵੀ ਉਹ ਨਿਖਾਵਾਂ ਹੋ ਗਿਆ ਹੈ । ਇੰਨਾ ਹੀ ਨਹੀਂ, ਉਸ ਦੇ ਆਪਣੇ ਉਸ ਤੇ ਢੇਰਾਂ ਦੇ ਢੇਰ ਅਤਿਆਚਾਰ ਕਰਦੇ ਹਨ । ਪਵਿੱਤਰਤਾ ਰੂਪੀ ਘੱਗੀ ਉਲੂਆਂ ਦੇ ਪੰਜਿਆਂ ਵਿੱਚ ਫਸੀ ਹੋਈ ਹੈ । ਸਦੀਵੀ ਦੀਪਕ ਹੈ ਸੰਸਾਰਕਤਾ ਦੇ ਬੁੱਲੇ ਹਮਲੇ ਕਰ ਰਹੇ ਹਨ । ਅਕਾਸ਼ੀ ਸੱਚੇ ਦੁਆਲੇ ਦੁਨੀਆਂਦਾਰੀ ਦਾ ਅੰਧਕਾਰ ਘਿਰਦਾ ਜਾ ਰਿਹਾ ਹੈ । ਪਿਆਰ ਰੂਪੀ ਰਾਜਿਆਂ ਦਾ ਰਾਜਾ ਜ਼ਾਲਮਾਂ ਦੇ ਜ਼ੁਲਮ ਸਹਿ ਰਿਹਾ ਹੈ । ਫ਼ਰਿਸ਼ਤੇ ਇਸ ਨਜ਼ਾਰੇ ਤੇ ਰੋ ਰਹੇ ਹਨ, ਆਕਾਸ਼ਾਂ ਵਿੱਚ ਕੁਰਲਾਹਟ ਮਚੀ ਹੋਈ ਹੈ, ਪਰੰਤੂ ਮਨੁੱਖ ਆਪਣੇ ਕਲੰਕ ਨੂੰ ਹੀ ਸ਼ਾਨ ਸਮਝਦੇ ਹਨ ਅਤੇ ਆਪਣੀ ਬੇਦੀਨੀ ਨੂੰ ਹੀ ਪ੍ਰਭੂ ਦੇ ਪੱਖ ਵੱਲ ਸਿਦਕ ਮੰਨ ਬੈਠੇ ਹਨ ।

ਆਪਣੀ ਕ੍ਰਿਪਾ ਅਤੇ ਕਰੁਣਾ ਕਾਰਨ ਪ੍ਰਭੂ ਉਨ੍ਹਾਂ ਨੂੰ ਤਬਾਹੀ ਤੋਂ ਰੋਕ ਲੈਂਦਾ ਹੈ । ਕਠੋਰਤਾ ਅਤੇ ਪਿਆਰ ਨਾਲ ਉਹ ਉਨ੍ਹਾਂ ਨੂੰ ਡਾਟਦਾ ਹੈ ਅਤੇ ਚੇਤਾਵਨੀ

ਦਿੰਦਾ ਹੈ । ਉਹ ਉਨ੍ਹਾਂ ਨੂੰ ਅਣਗਹਿਲੀ ਦਾ ਬਿਸਤਰ ਛੱਡ ਕੇ ਉੱਦਮ ਅਤੇ ਵੀਰਤਾ ਪੂਰਨ ਘਾਲਣਾ ਦੇ ਖੇਤਰ ਵਿੱਚ ਆਉਣ ਲਈ ਬੁਲਾਉਂਦਾ ਹੈ । ਉਹ ਉਨ੍ਹਾਂ ਥੀਂ ਅਜਿਹੇ ਵਿਸ਼ਵਾਸ਼ ਅਤੇ ਹੌਸਲੇ ਦੀ ਮੰਗ ਕਰਦਾ ਹੈ ਜਿਹੜਾ ਉਸ ਦੀ ਸੇਵਾ ਵਿੱਚ ਸਭ ਕੁਝ ਕਹਿਣ ਨੂੰ ਤਿਆਰ ਹੋਵੇ, ਅਜਿਹਾ ਜਿਹੜਾ ਹਰੇਕ ਕਸ਼ਟ ਨੂੰ ਸ਼ਾਂਤੀ ਨਾਲ ਝੱਲ ਲਵੇ ਅਤੇ ਅਜਿਹੀ ਲਗਨ ਜਿਹੜੀ ਆਪਣੇ ਪ੍ਰੀਤਮ ਦੀ ਖ਼ਾਤਰ ਬਿਪਤਾ, ਸਥੋਂ ਮੌਤ ਨੂੰ ਵੀ ਖੁਸ਼ੀ ਨਾਲ ਸਵੀਕਾਰ ਕਰੇ ।

ਪ੍ਰਭੂ ਉਨ੍ਹਾਂ ਨੂੰ ਸਿੱਖਿਆ ਤੇ ਸਿੱਖਿਆ ਦਿੰਦਾ ਚਲਾ ਜਾਂਦਾ ਹੈ । ਸ਼ਕਤੀ ਅਤੇ ਸਪਸ਼ਟਤਾ ਨਾਲ ਉਹ ਉਨ੍ਹਾਂ ਨੂੰ ਦਸਦਾ ਹੈ ਕਿ ਉਹ ਆਪਣੇ ਪ੍ਰੇਮੀਆਂ ਤੋਂ ਕੀ ਆਸ਼ਾ ਰੱਖਦਾ ਹੈ । ਨਿਜਧਾਮ ਦੇ ਪੰਧ ਵਿੱਚ ਚੋਖੀਆਂ ਔਕੜਾਂ ਹਨ ਅਤੇ ਡਾਢੇ ਖ਼ਤਰੇ, ਪਰੰਤੂ ਸੱਚਾ ਪਿਆਰ ਉਨ੍ਹਾਂ ਸਭਨਾ ਤੇ ਜਿੱਤ ਪ੍ਰਾਪਤ ਕਰ ਲਏਗਾ ਅਤੇ ਬਿਪਤਾਵਾਂ ਲਈ ਵੀ ਧੰਨਵਾਦੀ ਹੋਵੇਗਾ, ਜਿਨ੍ਹਾਂ ਦੁਆਰਾ ਉਹ ਆਪਣੀ ਸ਼ਕਤੀ ਪ੍ਰਮਾਣਿਤ ਕਰ ਸਕਿਆ ਹੈ । ਇਸ ਰਸਤੇ ਕੋਈ ਪੈ ਹੀ ਨਹੀਂ ਸਕਦਾ ਜਦੋਂ ਤੀਕ ਉਸ ਦਾ ਦਿਲ ਅਣਵੰਡਿਆ ਨਾ ਹੋਵੇ ਅਤੇ

ਉਸ ਦੀਆਂ ਭਾਵਨਾਵਾਂ ਬਿਨਾਂ ਕਿਸੇ ਲਗ ਲੂੜ ਦੇ ਪ੍ਰਭੂ ਤੇ ਕੇਂਦਰਿਤ ਨਾ ਹੋਈਆਂ ਹੋਣ। ਜੇ ਉਸਨੇ ਪ੍ਰਭੂ ਦਾ ਦਾ ਰੂਪ ਦੇਖਣਾ ਹੈ, ਤਾਂ ਹੋਰ ਸਭ ਪ੍ਰਕਾਰ ਦੇ ਰੂਪ ਵੱਲੋਂ ਅੰਨ੍ਹਾਂ ਹੋਣਾ ਪਵੇਗਾ। ਜੇ ਉਹ ਪ੍ਰਭੂ ਦਾ ਵਾਕ ਸੁਣਨਾ ਚਾਹੁੰਦਾ ਹੈ, ਤਾਂ ਹੋਰ ਸਭ ਕੁਝ ਵੱਲੋਂ ਕੰਨ ਬੰਦ ਕਰਨੇ ਪੈਣਗੇ। ਜੇ ਉਸ ਨੂੰ ਪ੍ਰਭੂ ਨੂੰ ਜਾਨਣ ਦੀ ਚਾਹ ਹੈ ਤਾਂ ਹੋਰ ਸਾਰੀ ਵਿਦਿਆ ਨੂੰ ਤਿਆਗਣਾ ਪਵੇਗਾ।

ਪ੍ਰਭੂ ਨੂੰ ਪਿਆਰ ਕਰਨਾ ਚਾਹੁੰਦਾ ਹੈ ਤਾਂ ਆਪਣੇ ਵਲੋਂ ਮੂੰਹ ਮੋੜ ਲਵੇ, ਅਤੇ ਜੇ ਉਸ ਦੀ ਖੁਸ਼ੀ ਚਾਹੁੰਦਾ ਹੈ ਤਾਂ ਆਪਣੀ ਖੁਸ਼ੀ ਭੁੱਲ ਜਾਵੇ। ਉਸਦੀ ਲਗਨ ਇੱਥੋਂ ਤੀਕ ਪੂਰੀ ਹੋਵੇ ਕਿ ਪ੍ਰਭੂ ਦੇ ਪਿਆਰ ਦੀ ਖਾਤਰ ਉਹ ਸਭ ਕੁਝ ਹਾਰ ਜਾਵੇ ਅਤੇ ਸ਼ਹੀਦ ਵਾਲੀ ਮੌਤ ਦਾ ਤਾਂਘ ਨਾਲ ਸੁਆਗਤ ਕਰੇ।

ਮਨੁੱਖਾਂ ਨੂੰ ਪ੍ਰਭੂ ਵੱਲੋਂ ਹਟਾਈ ਰੱਖਣ ਨੂੰ ਧਰਤੀ ਨੇ ਹਜ਼ਾਰਾਂ ਬੰਧਨ ਪਾਏ ਹੋਏ ਹਨ : ਈਰਖਾ, ਹੰਕਾਰ, ਆਲਸ, ਦਾਈਏਦਾਰੀ, ਲੋਭ, ਪਰਨਿੰਦਾ ਦੀ ਆਦਤ, ਅਤੇ ਹੋਰਨਾਂ ਦੇ ਸਿਰ ਉਹ ਲਾ ਦੇਣਾ ਜਿਹੜਾ ਆਪਣੇ ਸਿਰ ਲੱਗਿਆਂ ਚੰਗਾ ਨਾ ਲਗਦਾ। ਜਿਹੜੇ ਪਿਆਰ

ਦੀ ਜੂਹ ਵਿੱਚ ਪੁੱਜਣਾ ਚਾਹੁੰਦੇ ਹਨ ਉਨ੍ਹਾਂ ਨੂੰ ਉਹ ਇੰਨ੍ਹਾਂ ਸਾਰੀਆਂ ਗੱਲਾਂ ਬਾਰੇ ਚਿਤਾਵਨੀ ਦਿੰਦਾ ਹੈ, ਨਿਆਂ ਦੇ ਨਿਯਮ ਨੂੰ ਸਦਾ ਆਪਣੇ ਸਾਹਮਣੇ ਰੱਖਣ ਦੀ ਸਲਾਹ ਦਿੰਦਾ ਹੈ ("ਪ੍ਰਭੂ ਦੀਆਂ ਨਜ਼ਰਾਂ ਵਿੱਚ ਸਭ ਤੋਂ ਪਿਆਰੀ ਸ਼ੈ ਹੈ ਨਿਆਂ") ਅਤੇ ਉਪਦੇਸ਼ ਦਿੰਦਾ ਹੈ ਕਿ ਇਸ ਤੋਂ ਪਹਿਲਾਂ ਕਿ ਮੌਤ ਦਾ ਹੱਥ ਉਨ੍ਹਾਂ ਕੋਲੋਂ ਇਸ ਧਰਤੀ ਤੇ ਪ੍ਰਾਪਤ ਹੋਏ ਅਵਸਰ ਸਦਾ ਲਈ ਖੋਹ ਲਵੇ ਉਹ ਹਰ ਰੋਜ਼ ਆਪਣਾ ਲੇਖਾ ਆਪ ਕਰ ਲਿਆ ਕਰਨ।

ਉਹ ਉਨ੍ਹਾਂ ਨੂੰ ਉਨ੍ਹਾਂ ਖਜ਼ਾਨਿਆਂ ਦੀ ਯਾਦ ਦਿਵਾਉਂਦਾ ਹੈ ਜਿਹੜੇ ਉਨ੍ਹਾਂ ਬੰਦਿਆਂ ਲਈ ਸਾਂਭ ਕੇ ਰੱਖੇ ਹੋਏ ਹਨ, ਜੋ ਅੰਤ ਤੀਕ ਸਿਦਕ ਰੱਖਦੇ ਹਨ। ਤੇਜ ਦੇ ਪਵਿੱਤਰ ਬਿਰਖ ਤੇ ਉਸਨੇ ਪਰਮ ਸੁੰਦਰ ਮੇਵੇ ਲਟਕਾ ਰੱਖੇ ਹਨ ਅਤੇ ਸਦੀਵੀ ਆਨੰਦ ਦੇ ਬਾਗ ਵਿੱਚ ਅਨੰਤ ਕਾਲ ਤੀਕ ਬਿਸ਼ਰਾਮ ਦਾ ਪ੍ਰਬੰਧ ਕੀਤਾ ਹੋਇਆ ਹੈ। ਨਾਮ ਦੀ ਖੁਮਾਰੀ ਮਿੱਠੀ ਹੈ ਅਤੇ ਉਹ ਆਕਾਸ਼ੀ ਜਾਗੀਰ ਬੜੀ ਸ਼ਾਨਦਾਰ ਹੈ। ਉੱਥੇ ਅਮਿੱਟ ਪ੍ਰਭੂਤਾ ਉਨ੍ਹਾਂ ਨੂੰ ਉਡੀਕ ਰਹੀ ਹੈ ਅਤੇ ਉਸ ਥਾਂ ਤੇ ਮਿਲਾਪ ਦਾ ਆਨੰਦ ਮਾਣਦੇ ਹੋਏ ਉਹ ਪ੍ਰਭੂ ਦੇ ਰੂਪ

ਦਾ ਦਰਪਣ ਬਣ ਜਾਣਗੇ ਅਤੇ ਉਸਦੇ ਅਮਰ ਪ੍ਰਤਾਪ ਨੂੰ ਉਜਾਗਰ ਕਰਨਗੇ।

ਵਰਤਮਾਨ ਯੁੱਗ ਬਾਰੇ ਉਹ ਘੋਸ਼ਣਾ ਕਰਦਾ ਹੈ ਕਿ ਹੁਣ ਤਾਂ ਮਨੁੱਖਾਂ ਲਈ ਬੀਤੇ ਯੁੱਗ ਨਾਲੋਂ ਵੀ ਵੱਡੇ ਇਨਾਮ ਅਤੇ ਜ਼ਿਆਦਾ ਸੱਬਰਕੱਤੀਆ ਬਖਸ਼ਿਸ਼ਾਂ ਦਾ ਪ੍ਰਬੰਧ ਹੈ। ਰੱਬ ਦੀ ਮਿਹਰ ਸੰਪੂਰਨ ਹੈ, ਉਸਦਾ ਪ੍ਰਮਾਣ ਪ੍ਰਤੱਖ ਹੈ ਅਤੇ ਉਸ ਦੀ ਗਵਾਹੀ ਪੱਕੀ ਹੈ। ਸੁਰਗ ਦੀਆਂ ਬੁਲੰਦੀਆਂ ਤੇ ਉਸ ਨੇ ਇਕ ਨਵੀਂ ਫੁਲਵਾੜੀ ਲਾਈ ਹੈ, ਜਿਸ ਨਾਲ ਉਸ ਦੇ ਨੇੜ ਦੀ ਇਕ ਨਵੀਂ ਦਸ਼ਾ ਬਣ ਗਈ ਹੈ। ਜਿਹੜਾ ਉੱਥੇ ਪਹੁੰਚ ਜਾਵੇਗਾ, ਉਸ ਨੂੰ ਉਸ ਦੇ ਫੁੱਲਾਂ 'ਚੋਂ ਪਿਆਰ ਦੀਆਂ ਮਿੱਠੀਆਂ ਰਮਜ਼ਾਂ ਦੀ ਸੁਗੰਧੀ ਆਵੇਗੀ, ਅਤੇ ਉਸ ਤੇ ਉਸ ਬਾਗ ਦੇ ਮਵਿਆਂ ਦੁਆਰਾ ਪੂਰਨ ਰੱਬੀ ਸਿਆਣਪ ਦੇ ਭੇਦ ਖੁੱਲ੍ਹ ਜਾਣਗੇ।

ਪਰੰਤੂ ਇਸ ਮਹਾਨ ਦਿਹਾੜੇ ਵਿੱਚ ਵੀ ਪ੍ਰਭੂ ਦੇ ਅਗੰਮ ਰੂਪ ਦੇ ਪ੍ਰਗਟਾਉਣ ਲਈ ਪੂਰੀ ਅਤੇ ਅੰਤਿਮ ਗੱਲ ਨਹੀਂ ਦੱਸੀ ਗਈ। ਉਨ੍ਹਾਂ ਹੀ ਕਿਹਾ ਗਿਆ ਹੈ ਜਿੰਨੀ ਉੱਚੇ ਤੋਂ ਉੱਚੇ ਦੀ ਆਗਿਆ ਹੈ, ਇਸ ਤੋਂ ਅਧਿਕ ਨਹੀਂ। ਜੋ ਕੁਝ ਲਿਖਿਆ ਗਿਆ ਹੈ, ਮਨੁੱਖ

ਦੀ ਸਮਝਣ ਦੀ ਯੋਗਤਾ ਅਨੁਸਾਰ ਲਿਖਿਆ ਗਿਆ ਹੈ। ਪ੍ਰਭੂ ਦੀ ਅਸਲੀਅਤ ਅਤੇ ਉਸ ਦੀ ਬਾਣੀ ਦੀ ਪੂਰੀ ਮਿਠਾਸ ਦਾ ਭੇਦ ਨਹੀਂ ਖੋਲ੍ਹਿਆ ਗਿਆ।

ਇਹ ਕਿੰਨੀ ਵਚਿੱਤਰ ਅਤੇ ਤਰਸਯੋਗ ਗੱਲ ਹੈ ਕਿ ਪੂਰਬ ਵਿੱਚ ਇਸ ਪੁਸਤਕ ਦੇ ਲੇਖਕ ਦੇ ਦਿਲੀ ਨਿੱਘ ਅਤੇ ਉਦਾਰ ਵਿਚ ਰਾਂ ਕਾਰਨ ਉਸਨੂੰ ਆਪਣੇ ਦੇਸ਼ ਦੇ ਪੁਜਾਰੀ ਤਬਕੇ ਦੀ ਕੱਟੜ ਘਿਰਨਾ ਦਾ ਸ਼ਿਕਾਰ ਹੋਣਾ ਪਿਆ। ਜਨਮ ਤੋਂ ਈਰਾਨ ਦੇ ਇਕ ਪੁਰਾਣ ਅਤੇ ਸ੍ਰੇਸ਼ਠ ਪਰਿਵਾਰ ਦਾ ਵਾਰਿਸ ਅਤੇ ਵਿਸ਼ਾਲ ਧਨ ਸੰਪੱਤੀ ਦਾ ਮਾਲਿਕ ਹੁੰਦਿਆਂ ਹੋਇਆਂ ਵੀ, ਪੁਜਾਰੀ ਤਬਕੇ ਦੀ ਈਰਖਾ ਕਾਰਨ ਉਸ ਤੋਂ ਸਭ ਕੁਝ ਖੋਹ ਲਿਆ ਗਿਆ, ਉਸ ਨੂੰ ਦੇਸ ਨਿਕਾਲਾ ਦਿੱਤਾ ਗਿਆ, ਬੇੜੀਆਂ ਪਾਈਆਂ ਗਈਆਂ, ਤਸੀਹੇ ਦਿੱਤੇ ਗਏ ਅਤੇ ਅੰਤ ਨੂੰ ਅੱਕਾ ਨਗਰ ਵਿਚ ਉਮਰ ਕੈਦ ਵਿੱਚ ਪਾ ਦਿੱਤਾ ਗਿਆ ਇਕ ਅਜਿਹੀ ਜੇਲ੍ਹ ਵਿੱਚ ਜਿਹੜੀ ਉਸਮਾਨੀਆ ਸਾਮਰਾਜ ਨੇ ਨੀਚ ਤੋਂ ਨੀਚ ਅਪਰਾਧੀਆਂ ਲਈ ਰੱਖੀ ਹੋਈ ਸੀ, ਅਤੇ ਇੰਨੀ ਪਲੇਗ-ਮਾਰੀ ਮੰਨੀ ਜਾਂਦੀ ਸੀ ਕਿ ਉਸਦੇ ਉੱਪਰ ਦੀ ਉਡਕੇ ਲੰਘ ਰਹੇ ਪੰਛੀ ਵੀ ਮਰਕੇ ਡਿੱਗ ਪੈਂਦੇ ਸਨ।

ਇਹ ਵੀ ਹੈਰਾਨੀ ਦੀ ਗੱਲ ਹੈ ਕਿ ਇਸ ਭਗਤੀ ਗ੍ਰੰਥ ਵੱਲ, ਜਿਹੜਾ ਆਪਣੇ ਵਿਚਾਰਾਂ ਅਤੇ (ਕਿਹਾ ਜਾਂਦਾ ਹੈ) ਆਪਣੀ ਸ਼ੈਲੀ ਦੀ ਪੁਰਾਤਨ ਸ਼ੁੱਧਤਾ ਦੇ ਪੱਖੋਂ ਵੀ ਇੰਨਾ ਸੁੰਦਰ ਹੈ, ਕਿਸੇ ਅੰਗਰੇਜ਼ ਵਿਦਵਾਨ ਦਾ ਧਿਆਨ ਹੀ ਨਹੀਂ ਗਿਆ ਅਤੇ ਸੱਤਰਾਂ ਸਾਲਾਂ ਬਾਅਦ ਵੀ ਪੱਛਮ ਦਾ ਧਰਮ ਅਤੇ ਸੱਭਿਆਚਾਰ ਇਸ ਥੀਂ ਅਣਜਾਣ ਹੈ।*

*ਇਹ ਲੇਖ ਮੂਲ ਰੂਪ ਵਿਚ "ਦ ਬਹਾਈ ਵਰਲਡ" ਜਿਲਦ—11 ਵਿੱਚ ਛਪਿਆ ਸੀ।

ਗੁਰੂ ਵਾਕ

ਉਹ ਤੇਜਾ ਦਾ ਤੇਜ ਹੈ।

ਇਹ ਉਹ (ਬਾਣੀ) ਹੈ ਜਿਹੜੀ ਤੇਜ ਦੇ ਰਾਜ ਵਿੱਚੋਂ, ਉੱਤਰੀ—ਕੁਦਰਤ ਦੀ ਜ਼ਬਾਨ ਨੇ ਉਚਾਰੀ ਅਤੇ ਪ੍ਰਾਚੀਨ ਅਗੰਮੀ ਪੁਰਖਾਂ ਤੇ ਪ੍ਰਗਟ ਹੋਈ ਹੈ। ਅਸਾਂ ਇਸ ਦਾ ਅੰਦਰੂਨੀ ਤੱਤ ਲੈ ਲਿਆ ਹੈ ਅਤੇ ਨੇਕ ਬੰਦਿਆਂ ਤੇ ਮਿਹਰ ਦੀ ਨਜ਼ਰ ਵਜੋਂ ਉਸ ਨੂੰ ਸੰਪਰਦਾ ਦਾ ਵਸਤਰ ਪਵਾ ਦਿੱਤਾ ਹੈ ਤਾਂ ਜੋ ਉਹ ਰੱਬੀ ਇਕਰਾਰ ਤੇ ਸਿਦਕ ਰੱਖਣ, ਆਪਣੇ ਜੀਵਨ ਵਿੱਚ ਰੱਬੀ ਅਮਾਨਤ ਦੀ ਸੰਭਾਲ ਕਰਨ ਅਤੇ ਆਤਮਾ ਦੇ ਰਾਜ ਵਿਚ ਰੱਬੀ ਗੁਣਾਂ ਦਾ ਰਤਨ ਪ੍ਰਾਪਤ ਕਰ ਲੈਣ।

(1)

ਹੇ ਆਤਮਾ ਦੇ ਪੁੱਤਰ

ਮੇਰਾ ਪਹਿਲਾ ਉਪਦੇਸ਼ ਇਹ : ਤੂੰ ਇਕ ਸੱਚੇ, ਦਇਆਵਾਨ ਅਤੇ ਜੋਤ ਮਈ ਹਿਰਦੇ ਵਾਲਾ ਬਣ ਤਾਂ ਜੋ ਤੈਨੂੰ ਉਹ ਪ੍ਰਭੂਤਾ ਪ੍ਰਾਪਤ ਹੋਵੇ ਜਿਹੜੀ ਮੁੱਢ ਕਦੀਮੀ, ਸਦੀਵੀ ਅਤੇ ਅਵਿਨਾਸ਼ੀ ਹੈ ।

(2)

ਹੇ ਆਤਮਾ ਦੇ ਪੁੱਤਰ

ਮੇਰੀਆਂ ਨਜ਼ਰਾਂ ਵਿੱਚ ਸਭ ਤੋਂ ਪਿਆਰੀ ਸ਼ੈ ਹੈ ਨਿਆਂ । ਜੇ ਤੂੰ ਮੈਂਨੂੰ ਚਾਹੁੰਦਾ ਹੈ ਤਾਂ ਇਸਥੋਂ ਮੂੰਹ ਨਾ ਮੋੜੀਂ ਅਤੇ ਇਸ ਦੀ ਉਪੇਖਿਆ ਨਾ ਕਰੀਂ ਤਾਂ ਜੋ ਮੈਂ ਤੇਰੇ ਤੇ ਭੇਦ ਖੋਲ੍ਹਾਂ । ਇਸ ਦੀ ਸਹਾਇਤਾ ਨਾਲ ਤੂੰ ਆਪਣੀ ਅੱਖੀਂ ਦੇਖੇਂਗਾ ਹੋਰਨਾਂ ਦੀ ਅੱਖੀਂ ਨਹੀਂ ਅਤੇ ਆਪਣੀ ਸੋਝੀ ਨਾਲ ਜਾਣੇਂਗਾ, ਆਪਣੇ ਗਵਾਂਢੀ ਦੀ ਸੋਝੀ ਨਾਲ ਨਹੀਂ । ਆਪਣੇ ਮਨ ਵਿੱਚ ਗਹੁ ਨਾਲ ਸੋਚ ਕਿ ਤੇਰੇ ਲਈ ਕੀ ਹੋਣਾ ਯੋਗ ਹੈ । ਨਿਸਚੈ ਹੀ ਨਿਆ ਤੈਨੂੰ ਮੇਰੀ ਦਾਤ ਹੈ ਅਤੇ ਹੈ ਮੇਰੀ ਪਿਆਰ ਭਰੀ ਦਿਯਾ ਦਾ ਚਿੰਨ੍ਹ । ਇਸ ਲਈ ਇਸ ਨੂੰ ਆਪਣੀਆਂ ਅੱਖੀਆਂ ਸਾਹਮਣੇ ਰੱਖੀ

3

ਹੇ ਮਨੁੱਖ ਦੇ ਪੁੱਤਰ

ਯਾਦੋਂ ਪਰੇਡੀ ਆਪਣੀ ਪੁਰਾਤਨ ਹਸਤੀ ਅਤੇ ਆਪਣੇ ਤੱਤ ਦੀ ਸਨਾਤਨ ਸਦੀਵਤਾ ਵਿੱਚ ਲੁਕਿਆ ਭੀ ਮੈਂ ਤੇਰੇ ਲਈ ਆਪਣੇ ਪਿਆਰ ਤੋਂ ਜਾਣੂ ਸਾਂ । ਇਸ ਲਈ ਮੈਂ ਤੈਨੂੰ ਸਿਰਜਿਆ - ਆਪਣੇ ਆਕਾਰ ਨੂੰ ਤੇਰੇ ਤੇ ਚਿਤਰਿਆ ਅਤੇ ਆਪਣੀ ਸੁੰਦਰਤਾ ਤੇਰੇ ਤੇ ਪ੍ਰਗਟ ਕੀਤੀ ਹੈ ।

4

ਹੇ ਮਨੁੱਖ ਦੇ ਪੁੱਤਰ

ਮੈਨੂੰ ਤੇਰੀ ਸਿਰਜਣਾ ਨਾਲ ਪਿਆਰ ਸੀ । ਇਸ ਕਾਰਨ ਮੈਂ ਤੈਨੂੰ ਸਿਰਜਿਆ । ਇਸ ਲਈ ਤੂੰ ਮੈਨੂੰ ਪਿਆਰ ਕਰ ਤਾਂ ਜੋ ਮੈਂ ਤੇਰਾ ਨਾਂ ਲਵਾ ਅਤੇ ਤੇਰੀ ਆਤਮਾ ਨੂੰ ਜੀਵਨ ਸ਼ਕਤੀ ਨਾਲ ਭਰਪੂਰ ਕਰ ਦੇਵਾਂ ।

5

ਹੇ ਹਸਭੀ ਦੇ ਪੁੱਤਰ

ਤੂੰ ਮੈਨੂੰ ਪਿਆਰ ਕਰ ਤਾਂ ਜੋ ਮੈਂ ਤੈਨੂੰ ਪਿਆਰ ਕਰਾਂ। ਜੇ ਤੂੰ ਮੈਨੂੰ ਤਿਆਰ ਨਹੀਂ ਕਰੇਂਗਾ ਤਾਂ ਮੇਰਾ ਪਿਆਰ ਕਿਸੇ ਹੀਲ ਵੀ ਤੇਰੇ ਤੀਕ ਨਹੀਂ ਪਹੁੰਚ ਸਕੇਗਾ। ਹੇ ਬੰਦੇ, ਇਹ ਗੱਲ ਸਮਝ ਲੈ।

6

ਹੇ ਹਸਭੀ ਦੇ ਪੁੱਤਰ

ਮੇਰਾ ਪਿਆਰ ਤੇਰਾ ਸੁਰਗ ਹੈ ਅਤੇ ਮੇਰਾ ਮਿਲਾਪ ਤੇਰੀ ਜੰਨਤ। ਇਸ ਵਿੱਚ ਦਾਖਲ ਹੋ ਜਾ, ਢਿੱਲ ਨਾ ਕਰ। ਅਸਾਡੇ ਆਕਾਸ਼ੀ ਰਾਜ ਅਤੇ ਅਸਾਡੀ ਉੱਚ ਅਮਲਦਾਰੀ ਵਿੱਚ ਇਹੀ ਤੇਰਾ ਨਸੀਬ ਮਿਥਿਆ ਗਿਆ ਹੈ।

7

ਹੇ ਮਨੁੱਖ ਦੇ ਪੁੱਤਰ

ਜੇ ਤੂੰ ਮੈਨੂੰ ਪਿਆਰ ਕਰਦਾ ਹੈਂ ਤਾਂ ਹਉਮੈਂ ਤੋਂ ਦੂਰ ਹਟ ਅਤ ਜੇ ਮੇਰੀ ਰਜ਼ਾ ਚਾਹੁੰਦਾ ਹੈਂ ਤਾਂ ਆਪਣੀ ਰਜ਼ਾ ਛੱਡ ਦੇ ਤਾਂ ਜੋ ਤੂੰ ਮੇਰੇ ਅੰਦਰ ਫਨਾਹ ਹੋ ਜਾਵੇਂ ਅਤੇ ਮੈਂ ਤੇਰੇ ਵਿੱਚ ਸਦਾਜੀਵੀ ਹੋ ਜਾਵਾਂ।

8

ਹੇ ਆਤਮਾ ਦੇ ਪੁੱਤਰ

ਹਉਮੈਂ ਛੱਡ ਕੇ ਮੇਰੇ ਵੱਲ ਮੁੜੇ ਬਿਨਾਂ ਤੇਰੇ ਲਈ ਚੈਨ ਨਹੀਂ—ਕਿਉਂਜੋ ਤੈਨੂੰ ਮੇਰੇ ਨਾਉਂ ਵਿਚ ਹੀ ਆਪਣੀ ਸ਼ਾਨ ਸਮਝਣੀ ਯੋਗ ਹੈ—ਆਪਣੇ ਨਾਉਂ ਵਿੱਚ ਨਹੀਂ। ਮੇਰੇ ਤੇ ਭਰੋਸਾ ਰੱਖਣਾ ਹੀ ਸੋਭਦਾ ਹੈ—ਆਪਣੇ ਆਪ ਤੇ ਨਹੀਂ। ਕਾਰਨ ਇਹ ਹੈ ਕਿ ਮੈਨੂੰ ਹਰ ਥੈ ਤੋਂ ਵਧੇਰੇ ਚਾਹ ਹੈ ਕਲ ਮੁਕੱਲਿਆਂ ਪਿਆਰੇ ਜਾਣ ਦੀ।

20

9

ਹੇ ਹਸਣੀ ਦੇ ਪੁੱਤਰ

ਮੇਰਾ ਪਿਆਰ ਮੇਰਾ ਗੜ੍ਹਕੋਟ ਹੈ—ਜਿਹੜਾ ਇਸ ਵਿੱਚ ਦਾਖ਼ਲ ਹੋ ਜਾਂਦਾ ਹੈ ਸਹੀ ਸਲਾਮਤ ਰਹਿੰਦਾ ਹੈ ਅਤੇ ਜਿਹੜਾ ਇਸਥੀਂ ਮੂੰਹ ਮੋੜ ਲਏਗਾ ਉਹ ਨਿਸਚੇ ਹੀ ਭਟਕ ਜਾਵੇਗਾ ਅਤੇ ਨਸ਼ਟ ਹੋ ਜਾਵੇਗਾ ।

10

ਹੇ ਵਾਕ ਦੇ ਪੁੱਤਰ

ਮੈਂ ਮੇਰਾ ਗੜ੍ਹਕੋਟ ਹੈਂ । ਇਸ ਦੇ ਅੰਦਰ ਆ ਜਾ ਤਾਂ ਜੋ ਸਲਾਮਤ ਰਹੇਂ । ਤੇਰੇ ਅੰਦਰ ਮੇਰਾ ਪਿਆਰ ਹੈ—ਇਹ ਜਾਣ ਲੈ ਤਾਂ ਜੋ ਮੈਂ ਤੈਨੂੰ ਨੇੜੇ ਦਿਸਾਂ ।

21

11

ਹੇ ਹਸਤੀ ਦੇ ਪੁੱਤਰ

ਤੂੰ ਮੇਰਾ ਦੀਪਕ ਹੈਂ, ਤੇਰੇ ਅੰਦਰ ਮੇਰੀ ਜੋਤ ਹੈ -- ਆਪਣੀ ਲੋ ਇਸ ਤੋਂ ਪ੍ਰਾਪਤ ਕਰ ਅਤੇ ਮੈਨੂੰ ਛੱਡ ਕੇ ਕਿਸੇ ਹੋਰ ਦੀ ਭਾਲ ਨਾ ਕਰ—ਕਿਉਂਜੋ ਮੈਂ ਤੈਨੂੰ ਭਰਪੂਰ ਸਿਰਜਿਆ ਹੈ ਅਤੇ ਤੇਰੇ ਉੱਤੇ ਆਪਣੀਆਂ ਨਿਆਮਤਾਂ ਦੀ ਖੁਲ੍ਹ ਕੇ ਵਰਖਾ ਕੀਤੀ ਹੈ ।

12

ਹੇ ਹਸਣੀ ਦੇ ਪੁੱਤਰ

ਮੈਂ ਤੈਨੂੰ ਸ਼ਕਤੀ ਦੇ ਹੱਥਾਂ ਨਾਲ ਘੜਿਆ ਅਤੇ ਕੁਦਰਤ ਦੀਆਂ ਓਟਾਂ ਨਾਲ ਸਿਰਜਿਆ ਹੈ ਅਤੇ ਤੇਰੇ ਅੰਦਰ ਆਪਣੀ ਜੋਤ ਦਾ ਤੱਤ ਪਾ ਦਿੱਤਾ ਹੈ । ਇਸ ਤੋਂ ਸੰਤੋਖ ਰੱਖ ਅਤੇ ਹੋਰ ਕਿਸੇ ਸ਼ੈ ਦੀ ਚਾਹ ਨਾ ਕਰ । ਕਿਉਂਜੋ ਮੇਰੀ ਰਚਨਾ ਪਰਿਪੂਰਨ ਅਤੇ ਮੇਰਾ ਹੁਕਮ ਅਟੱਲ ਹੈ । ਇਸ ਬਾਰੇ ਕੋਈ ਸ਼ੰਕਾ ਨਾ ਕਰੀਂ ਨਾ ਬੇ-ਯਕੀਨ ਹੋਵੀਂ ।

22

13

ਹੇ ਆਤਮਾ ਦੇ ਪੁੱਤਰ

ਮੈਂ ਤਾਂ ਤੈਨੂੰ ਭਰਪੂਰ ਸਿਰਜਿਆ ਸੀ—ਤੂੰ ਆਪਣੇ ਆਪ ਨੂੰ ਕੰਗਾਲੀ ਵਿੱਚ ਕਿਉਂ ਪਾ ਰਿਹਾ ਹੈਂ ? ਮੈਂ ਤੈਨੂੰ ਸੁੰਦਰ ਬਣਾਇਆ ਸੀ—ਤੂੰ ਕਿਸ ਕਾਰਨ ਆਪਣੇ ਆਪ ਨੂੰ ਹੀਣਾ ਕਰ ਰਿਹਾ ਹੈਂ ? ਗਿਆਨ ਦੇ ਤੱਤ ਵਿੱਚੋਂ ਮੈਂ ਤੈਨੂੰ ਵਜੂਦ ਬਖਸ਼ਿਆ—ਤੂੰ ਮੈਨੂੰ ਛੱਡ ਕੇ ਕਿਸੇ ਹੋਰ ਤੋਂ ਗਿਆਨ ਜੋਤੀ ਕਿਉਂ ਮੰਗਦਾ ਹੈਂ ? ਮੈਂ ਤੈਨੂੰ ਪਿਆਰ ਦੀ ਮਿੱਟੀ ਵਿੱਚੋਂ ਢਾਲਿਆ—ਤੂੰ ਕਿਸੇ ਹੋਰ ਨਾਲ ਕਿਵੇਂ ਰੁੱਝ ਰਿਹਾ ਹੈ ? ਆਪਣੇ ਵੱਲ ਝਾਤ ਮਾਰ ਤਾਂ ਜੋ ਤੂੰ ਮੈਨੂੰ ਆਪਣੇ ਅੰਦਰ ਸਥਿਤ ਦੇਖੇਂ—ਸ਼ਕਤੀਮਾਨ, ਸਮਰੱਥ ਅਤੇ ਸੱਭੇ ।

23

14

ਹੇ ਮਨੁੱਖ ਦੇ ਪੁੱਤਰ

ਤੂੰ ਮੇਰਾ ਰਾਜ ਹੈਂ ਅਤੇ ਮੇਰਾ ਰਾਜ ਮਿਟਦਾ ਨਹੀਂ—ਤੈਨੂੰ ਮਿਟ ਜਾਣ ਦਾ ਡਰ ਕਿਉਂ ਹੈ ? ਤੂੰ ਮੇਰੀ ਜੋਤ ਹੈਂ ਅਤੇ ਮੇਰੀ ਜੋਤ ਕਦੇ ਨਹੀਂ ਬੁਝੇਗੀ । ਤੂੰ ਬੁਝ ਜਾਣ ਤੋਂ ਕਿਉਂ ਖੌਫ ਖਾਂਦਾ ਹੈਂ ?—ਤੂੰ ਮੇਰਾ ਤੇਜ ਹੈਂ ਅਤੇ ਮੇਰਾ ਤੇਜ ਘਟਦਾ ਨਹੀਂ—ਤੂੰ ਮੇਰਾ ਵਸਤਰ ਹੈਂ ਅਤੇ ਮੇਰਾ ਵਸਤਰ ਕਦੇ ਨਹੀਂ ਫਟੇਗਾ । ਤਾਂ ਫਿਰ ਮੇਰੇ ਲਈ ਆਪਣੇ ਪਿਆਰ ਵਿੱਚ ਸਥਿਰ ਹੋ ਜਾ ਤਾਂ ਜੋ ਤੂੰ ਤੇਰੇ ਦੇ ਰਾਜ ਵਿੱਚ ਮੈਨੂੰ ਪ੍ਰਾਪਤ ਕਰ ਸਕੇਂ ।

15

ਹੇ ਵਾਕ ਦੇ ਪੁੱਤਰ

ਆਪਣਾ ਮੂੰਹ ਮੇਰੀ ਵੱਲ ਮੋੜ ਅਤੇ ਮੇਰੇ ਸਿਵਾ ਸਭ ਕੁਝ ਤਿਆਗ ਦੇ—ਕਿਉਂ ਜੋ ਮੇਰੀ ਸੱਤਾ ਸਥਾਈ ਹੈ ਅਤੇ ਮੇਰਾ ਰਾਜ ਮਿਟਦਾ ਨਹੀਂ । ਜੇ ਤੂੰ ਮੈਨੂੰ ਛੱਡ ਕਿਸੇ ਹੋਰ ਨੂੰ ਭਾਲਦਾ ਹੈਂ—ਤਾਂ ਭਾਵੇਂ ਤੂੰ ਅਨੰਤ ਕਾਲ ਤੀਕ ਬ੍ਰਹਿਮੰਡ ਛਾਣਦਾ ਫਿਰੇਂ, ਤੇਰੀ ਖੋਜ ਨਿਸਫਲ ਜਾਵੇਗੀ ।

21

16

ਹੇ ਜੋਤੀ ਦੇ ਪੁੱਤਰ

ਮੇਰੇ ਸਿਵਾ ਸਭ ਨੂੰ ਭੁੱਲ ਜਾ ਅਤੇ ਮੇਰੀ ਆਤਮਾ ਨਾਲ ਲਿਵ ਲਾ ਲੈ। ਇਹ ਮੇਰੀ ਆਗਿਆ ਦਾ ਫੱਤ ਹੈ। ਇਸ ਲਈ ਇਸ ਵੱਲ ਧਿਆਨ ਦੇ।

17

ਹੇ ਮਨੁੱਖ ਦੇ ਪੁੱਤਰ

ਮੇਰੇ ਤੇ ਸੰਤੋਖ ਰੱਖ ਅਤੇ ਹੋਰ ਕਿਸੇ ਸਹਾਈ ਦੀ ਚਾਹ ਨਾ ਕਰ—ਕਿਉਂ ਜੋ ਤੇਰੀ ਕਦੇ ਵੀ ਮੇਰੇ ਬਿਨਾਂ ਕਿਸੇ ਨਾਲ ਸਰ ਨਹੀਂ ਸਕਦੀ।

18

ਹੇ ਆਤਮਾ ਦੇ ਪੁੱਤਰ

ਸੋਥੀਂ ਉਹ ਨਾ ਮੰਗ ਜਿਹੜਾ ਆਸੀਂ ਤੇਰੇ ਲਈ ਨਹੀਂ ਚਾਹੁੰਦੇ—ਸਗੋਂ ਜਿਸ ਦਾ ਆਸੀਂ ਤੇਰੇ ਲਈ ਹੁਕਮ ਦਿੱਤਾ ਹੈ ਉਸ ਤੇ ਸੰਤੁਸ਼ਟ ਰਹਿ—ਕਿਉਂ ਜੋ ਸੰਤੋਖ ਨਾਲੋਂ ਤਾਂ ਇਹ ਤੈਨੂੰ ਲਾਭਦੇਂਦ ਹੈ।

25

19

ਹੇ ਅਕੰਮੀ ਜਾਣ ਦੇ ਪੁੱਤਰ

ਮੈਂ ਤੇਰੇ ਅੰਦਰ ਆਤਮਾ ਦਾ ਸਾਹ ਪਾਇਆ ਹੈ ਤਾਂ ਜੋ ਤੂੰ ਮੇਰਾ ਪ੍ਰੇਮੀ ਬਣ ਜਾਵੇਂ। ਤੂੰ ਮੈਨੂੰ ਛੱਡ ਕੇ ਹੋਰ ਪ੍ਰੀਤਮ ਕਿਉਂ ਲੋੜਦਾ ਹੈ?

20

ਹੇ ਆਤਮਾ ਦੇ ਪੁੱਤਰ

ਤੇਰੇ ਤੇ ਮੇਰਾ ਵੱਡਾ ਹੱਕ ਹੈ—ਇਹ ਲੁਕਾਇਆ ਨਹੀਂ ਜਾ ਸਕਦਾ। ਤੇਰੇ ਤੇ ਮੇਰੀ ਸਿਹਤ ਚੰਬੀ—ਇਹ ਢਕੀ ਨਹੀਂ ਜਾ ਸਕਦੀ। ਮੇਰੇ ਪਿਆਰ ਨੇ ਤੇਰੇ ਅੰਦਰ ਘਰ ਕਰ ਲਿਆ ਹੈ—ਇਸ ਨੂੰ ਲੁਕਾਇਆ ਨਹੀਂ ਜਾ ਸਕਦਾ। ਤੇਰੇ ਸਾਹਵੇਂ ਮੇਰੀ ਜੋਤੀ ਪ੍ਰਤੱਖ ਹੈ—ਇਹ ਬੁੱਝਾਈ ਨਹੀਂ ਜਾ ਸਕਦੀ।

26

21

ਹੇ ਮਨੁੱਖ ਦੇ ਪੁੱਤਰ

ਪ੍ਰਕਾਸ਼ਮਾਨ ਤੇਜਰੂਪੀ ਬਿਰਖ ਨਾਲ ਮੈਂ ਤੇਰੇ ਲਈ ਅਤਿ ਉੱਤਮ ਮੇਵੇ ਲਟਕਾ ਰੱਖੇ ਹਨ। ਤੂੰ ਮੂੰਹ ਕਿਉਂ ਮੋੜ ਲਿਆ ਹੈ ਅਤੇ ਘਟੀਆ ਸ਼ੈ ਤੇ ਕਿਉਂ ਰਾਜ਼ੀ ਹੋ ਗਿਆ ਹੈਂ? ਉੱਚ ਦੇ ਰਾਜ ਵਿੱਚ ਜੋ ਕੁਝ ਤੇਰੇ ਛਦੀ ਚੰਗੇਰਾ ਹੈ ਉਸੇ ਵੱਲ ਪਰਤ ਜਾ।

22

ਹੇ ਆਤਮਾ ਦੇ ਪੁੱਤਰ

ਮੈਂ ਤੈਨੂੰ ਸ੍ਰੇਸ਼ਠ ਸਿਰਜਿਆ ਹੈ—ਫਿਰ ਵੀ ਤੂੰ ਆਪਣੇ ਆਪ ਨੂੰ ਹੀਣਾ ਬਣਾ ਲਿਆ ਹੈ। ਤਾਂ ਫਿਰ—ਜਿਸ ਉੱਚਤਾ ਖ਼ਾਤਰ ਤੈਨੂੰ ਸਿਰਜਿਆ ਸੀ ਉਸ ਤੀਕ ਉੱਠ ਖਲੋ।

23

ਹੇ ਸਰਵ ਸ੍ਰੇਸ਼ਠ ਦੇ ਪੁੱਤਰ

ਮੈਂ ਤੈਨੂੰ ਅਨੰਤ ਵੱਲ ਬੁਲਾਉਂਦਾ ਹਾਂ—ਫਿਰ ਕੀ ਤੂੰ ਨਾਸ਼ਵੰਤ ਨੂੰ ਲੋੜਦਾ ਹੈਂ। ਕੀ ਕਾਰਨ ਹੈ ਜੋ ਤੂੰ ਅਸਾਡੀ ਇੱਛਾ ਵੱਲੋਂ ਮੂੰਹ ਮੋੜੀ ਬੈਠਾ ਹੈਂ ਅਤੇ ਆਪਣੀ ਇੱਛਾ ਨੂੰ ਹੀ ਦੇਖਦਾ ਹੈਂ।

27

24

ਹੇ ਮਨੁੱਖ ਦੇ ਪੁੱਤਰ

ਆਪਣੀ ਸੀਮਾ ਨਾ ਉਲੰਘ—ਨਾ ਹੀ ਉਸ ਤੇ ਹੱਕ ਜਮਾ ਜੋ ਤੈਨੂੰ ਸ਼ੋਭਦਾ ਨਹੀਂ। ਕੁਦਰਤ ਅਤੇ ਤਾਕਤ ਦੇ ਮਾਲਕ ਆਪਣੇ ਲੱਥ ਦੀ ਨਹਾਰ ਅੱਗੇ ਡੰਡੌਤ ਕਰ।

29

ਹੇ ਆਤਮਾ ਪੁੱਤਰ

ਕਨੌਇ ਅੱਗੇ ਹੰਕਾਰ ਨਾ ਕਰ ਕਿਉਂ ਜੋ ਮੈਂ ਉਸਨੂੰ ਰਸਤੇ ਪਾ ਰਿਹਾ ਹਾਂ ਅਤੇ ਤੈਨੂੰ ਭੈੜੀ ਹਾਲਤ ਵਿੱਚ ਦੇਖਦਾ ਅਤੇ ਸਦਾ ਲਈ ਲਾਨਤ ਭੇਜਦਾ ਹਾਂ।

26

ਹੇ ਹਸਤੀ ਦੇ ਪੁੱਤਰ

ਤੂੰ ਆਪਣੇ ਔਗੁਣ ਕੁੱਲ ਕੇ ਹੋਰਨਾਂ ਦੇ ਔਗੁਣ ਕਿਵੇਂ ਫੋਲਣ ਲੱਗ ਪਿਓਂ? ਜਿਹੜਾ ਵੀ ਇੰਜ ਕਰਦਾ ਹੈ ਮੇਰੇ ਵੱਲੋਂ ਲਾਨਤੀ ਹੁੰਦਾ ਹੈ।

28
27

ਹੇ ਮਨੁੱਖ ਦੇ ਪੁੱਤਰ
ਜਦੋਂ ਤੀਕ ਤੂੰ ਆਪ ਪਾਪੀ ਹੈਂ ਹੋਰਨਾਂ ਦੇ ਪਾਪਾਂ ਬਾਰੇ ਅਵਾਈਆਂ ਨਾਂ ਉਡਾ। ਜੇ ਤੂੰ ਇਸ ਹੁਕਮ ਨੂੰ ਉਲੰਘਿਆ ਤਾ ਲਾਨਤੀ ਹੋਵੇਗਾ ਅਤੇ ਇਸ ਦਾ ਸਾਖੀ ਮੈਂ ਹਾ।

28

ਹੇ ਆਤਮਾ ਦੇ ਪੁੱਤਰ

ਵਿਸ਼ਵਾਸ਼ ਰੱਖ : ਜਿਹੜਾ ਹੋਰਨਾਂ ਨੂੰ ਤਾਂ ਨਿਆਂ ਕਰਨ ਲਈ ਕਹਿੰਦਾ ਹੈ ਅਤੇ ਆਪ ਬੇਨਿਆਈਂ ਕਰਦਾ ਹੈ ਉਹ ਮੇਰਾ ਨਹੀਂ ਹੈ ਭਾਵੇਂ ਉਸਨੇ ਮੇਰਾ ਨਾਂ ਹੀ ਕਿਉਂ ਨਾ ਰੱਖ ਲਿਆ ਹੋਵੇ।

29

ਹੇ ਹਸਤੀ ਦੇ ਪੁੱਤਰ

ਜੋ ਕੁਝ ਤੈਨੂੰ ਆਪਣੇ ਸਿਰ ਲਿਆਂ ਚੰਗਾ ਨਾ ਲਗਦਾ ਉਹ ਕਿਸੇ ਹੋਰ ਪ੍ਰਾਣੀ ਦੇ ਸਿਰ ਭੀ ਨਾ ਲਾ ਅਤੇ ਜੋ ਕੁਝ ਤੂੰ ਕਰਦਾ ਨਹੀਂ ਉਹ ਕਹਿ ਭੀ ਨਾ। ਇਹ ਤੈਨੂੰ ਮੇਰੀ ਆਗਿਆ ਹੈ। ਇਸ ਦੀ ਪਾਲਣਾ ਕਰ।

29
30

ਹੇ ਮਨੁੱਖ ਦੇ ਪੁੱਤਰ

ਮੇਰਾ ਦਾਸ ਰੋਥੀ ਕੁਝ ਮੰਗੇ ਤਾਂ ਨਾਂਹ ਨਾ ਕਰੀਂ ਕਿਉਂ ਜੋ ਉਸਦਾ ਚਿਹਰਾ ਮੇਰਾ ਚਿਹਰਾ ਹੈ। ਇਸ ਕਾਰਨ ਮੈਥੀ ਮੰਗ।

31

ਹੇ ਹਸਤੀ ਦੇ ਪੁੱਤਰ

ਇਸ ਤੋਂ ਪਹਿਲਾ ਕਿ ਤੇਰੀ ਲੇਖੇ ਲਈ ਤਲਬੀ ਹੋਵੇ, ਆਪਣਾ ਲੇਖਾ ਰੱਜ ਕਰਿਆ ਕਰ; ਕਿਉਂ ਜੋ ਮੌਤ ਦੱਸ ਕਿਨਾਂ, ਅਚਾਨਕ ਹਮਲਾ ਕਰੇਗੀ ਅਤੇ ਆਪਣੇ ਅਮਲਾਂ ਦਾ ਲੇਖਾ ਦੇਣ ਲਈ ਤੈਨੂੰ ਪੁਕਾਰਿਆ ਜਾਵੇਗਾ।

32

ਹੇ ਸਰਬ ਉਚ ਦੇ ਪੁੱਤਰ

ਮੈਂ ਤਾਂ ਮੌਤ ਨੂੰ ਤੇਰੇ ਲਈ ਖੁਸ਼ੀ ਦਾ ਦੂਤ ਬਣਾ-ਇਆ ਹੈ। ਤੂੰ ਦੁੱਖ ਕਿਉਂ ਮੰਨਦਾ ਹੈ? ਮੈਂ ਤਾਂ ਪ੍ਰਕਾਸ਼ ਨੂੰ ਤੇਰੇ ਤੇ ਆਪਣੀ ਸ਼ੋਭਾ ਖਿਲਾਰਨ ਲਈ ਬਣਾਇਆ ਹੈ। ਤੂੰ ਆਪਣੇ ਆਪ ਨੂੰ ਇਸ ਥੀਂ ਭਜਦਾ ਕਿਉਂ ਹੈਂ?

30

33

ਹੇ ਆਤਮਾ ਦੇ ਪੁੱਤਰ

ਜੰਤੀ ਦੀ ਖੁਸ਼ਖਬਰੀ ਨਾਲ ਮੈਂ ਤੇਰਾ ਸੁਆਗਤ ਕਰਦਾ ਹਾਂ : ਖੁਸ਼ੀ ਮਨਾ, ਪਵਿੱਤਰਤਾ ਦੇ ਆਗਣ ਵਿੱਚ ਮੈਂ ਤੈਨੂੰ ਬੁਲਾਉਂਦਾ ਹਾਂ। ਇਸ ਵਿੱਚ ਵਸ ਤਾਂ ਜੋ ਸਦਾ ਸਦਾ ਲਈ ਚੈਨ ਨਾਲ ਰਹੇਂ।

34

ਹੇ ਆਤਮਾ ਦੇ ਪੁੱਤਰ

ਪਵਿੱਤਰਤਾ ਦੀ ਆਤਮਾ ਤੈਨੂੰ ਮਿਲਾਪ ਦੀ ਖੁਸ਼-ਖਬਰੀ ਦੇ ਰਹੀ ਹੈ; ਤੂੰ ਦੁਖੀ ਕਿਉਂ ਹੁੰਦਾ ਹੈਂ ? ਸ਼ਕਤੀ ਦੀ ਆਤਮਾ ਉਸ (ਪ੍ਰਭੂ) ਦੇ ਪੱਖ ਲਈ ਤੇਰੀ ਹਾਮੀ ਭਰਦੀ ਹੈ। ਤੂੰ ਆਪਣੇ ਆਪ ਨੂੰ ਕਿਉਂ ਕਜਦਾ ਹੈ ? ਉਸਦੇ ਚਿਹਰੇ ਦਾ ਨੂਰ ਤੈਨੂੰ ਰਾਹ ਦਿਖਾਉਂਦਾ ਹੈ। ਤੂੰ ਭਟਕ ਕਿਵੇਂ ਸਕਦਾ ਹੈਂ ?

35

ਹੇ ਮਨੁੱਖ ਦੇ ਪੁੱਤਰ

ਅਸਾਥੋਂ ਦੂਰ ਰੱਬ ਦੇ ਸਿਵਾ ਤੈਨੂੰ ਕੋਈ ਦੁੱਖ ਨਾ ਪੁਹਚੇ। ਅਸਾਡੇ ਲੜੇ ਆਉਣ ਅਤੇ ਅਸਾਡੀ ਵੱਲ ਰਹਣ ਨੂੰ ਛੱਡ ਕੇ ਕੋਈ ਖੁਸ਼ੀ ਭੀ ਨਾ ਮੰਨ।

31

36

ਹੇ ਮਨੁੱਖ ਦੇ ਪੁੱਤਰ

ਆਪਣੇ ਦਿਲ ਦਾ ਅਨੰਦ ਮਾਣ ਤਾਂ ਜੋ ਤੂੰ ਮੈਨੂੰ ਮਿਲਣ ਦੇ ਕੰਮ ਹੋ ਸਕੇਂ, ਅਤੇ ਮੇਰੇ ਰੂਪ ਦਾ ਦਰਪਣ ਬਣ ਸਕੇਂ।

37

ਹੇ ਮਨੁੱਖ ਦੇ ਪੁੱਤਰ

ਮੇਰਾ ਪੁੱਤਰ ਸਾਰਾ ਆਪਣੇ ਦੁਆਲਿਓਂ ਲਾਹ ਨਾ ਸੁੱਟੀਂ ਅਤੇ ਮੇਰੇ ਅਦਭੁਤ ਰਸਤੇ 'ਚੋਂ ਆਪਣਾ ਚਿੱਸਾ ਲੁਆ ਨਾ ਬੈਠੀਂ, ਮਤਾਂ ਸਦਾ ਸਦਾ ਲਈ ਤ੍ਰਿਸਕਿਆ ਹੀ ਰਹਿ ਜਾਵੇਂ।

38

ਹੇ ਜਗਤੀ ਦੇ ਪੁੱਤਰ

ਮੇਰੇ ਪਿਆਰ ਲਈ ਮੇਰੇ ਅਰਥਾਤ ਅਨੁਸਾਰ ਚੱਲ ਅਤੇ ਮੇਰਾ ਰਜ਼ਾ ਜਾਨੇਂ ਤਾਂ ਜੋ ਤੂੰ ਚਾਹੁੰਦਾ ਹੈਂ ਓਹ ਹਾ ਜਾਹ।

32

39

ਹੇ ਮਨੁੱਖ ਦੇ ਪੁੱਤਰ

ਮੇਰਾ ਰੂਖ ਪਿਆਰਾ ਹੈ ਤਾਂ ਮੇਰੇ ਹੁਕਮਾਂ ਦੀ ਉਪੇਖਿਆ ਨਾ ਕਰੀਂ ਅਤੇ ਮੇਰੀ ਸਿਹਤ ਅਤੇ ਰਜ਼ਾ ਹਾਸਲ ਕਰਨਾ ਚਾਹੇਂ ਤਾਂ ਮੇਰੀ ਨਸੀਹਤ ਨਾ ਭੁੱਲੀ।

40

ਹੇ ਮਨੁੱਖ ਦੇ ਪੁੱਤਰ

ਜੇ ਤੂੰ ਪੁਲਾੜ ਦੀ ਅਸੀਮਤਾ ਵਿੱਚ ਦੀ ਨੱਸ ਕੇ ਲੰਘ ਜਾਵੇਂ ਅਤੇ ਅੰਬਰ ਦੇ ਪ੍ਰਸਾਰ ਨੂੰ ਧਾਰ ਕਰ ਜਾਵੇਂ, ਤਾਂ ਭੀ ਸਾਡੇ ਹੁਕਮਾਂ ਦੀ ਪਾਲਣਾ ਅਤੇ ਸਾਡੇ ਸਾਹਮਣੇ ਨਿਮਰਤਾ ਤੋਂ ਬਿਨਾ ਤੈਨੂੰ ਚੈਨ ਕਹੀਂ ਮਿਲ ਸਕਦਾ।

41

ਹੇ ਹਨੁੱਖ ਦੇ ਪੁੱਤਰ

ਮੇਰੇ ਪੱਖ ਨੂੰ ਵੱਡਿਆ ਕਰ ਤਾਂ ਜੋ ਮੈਂ ਤੇਰੇ ਤੇ ਆਪਣੀ ਵਡਿਆਈ ਦੇ ਭੇਤ ਖੋਲ੍ਹਾਂ ਅਤੇ ਤੇਰੇ ਉੱਪਰ ਆਪਣੀ ਸਦੀਵੀ ਜੋਤ ਦੀ ਲੋ ਧਰਾਂ।

33

42

ਹੇ ਮਨੁੱਖ ਦੇ ਪੁੱਤਰ

ਮੇਰੇ ਅੱਗੇ ਨਿਮਰ ਹੋ ਤਾਂ ਜੋ ਮੈਂ ਦਿਆਲ ਹੋ ਕੇ ਤੇਰੇ ਪਾਸ ਆਵਾਂ। ਮੇਰੇ ਪੱਖ ਦੀ ਜਿੱਤ ਲਈ ਉੱਠ ਖੜਾ ਹੋ ਤਾ ਜੋ ਧਰਤੀ ਤ ਰਹਿੰਦਿਆਂ ਵੀ ਤੈਨੂੰ ਜਿੱਤ ਪ੍ਰਾਪਤ ਹੋ

43

ਹੇ ਹਸਤੀ ਦੇ ਪੁੱਤਰ

ਮੇਰੀ ਹਸਤੀ ਚ ਮੇਰਾ ਨਾਂ ਲੈ ਤਾਂ ਜੋ ਮੈਂ ਆਪਣੇ ਲਗਨ ਮੰਡਲ ਵਿੱਚ ਤੈਨੂੰ ਯਾਦ ਰੱਖਾਂ। ਇੰਜ ਮੇਰੀਆਂ ਅਤੇ ਤੇਰੀਆਂ ਅੱਖੀਆਂ ਨੂੰ ਠੰਡ ਪਵੇਗੀ।

44

ਹੇ ਉੱਚ ਸਿਆਸਣ ਦੇ ਪੁੱਤਰ

ਤੇਰੇ ਕੰਨ ਮੇਰੇ ਕੰਨ ਹਨ, ਉਹਨਾਂ ਨਾਲ ਸੁਣ। ਤੇਰੀ ਨਜ਼ਰ ਮੇਰੀ ਨਜ਼ਰ ਹੈ, ਉਸ ਨਾਲ ਦੇਖ ਤਾਂ ਜੋ ਤੂੰ ਆਪਣੀ ਅੰਤਰ-ਆਤਮਾ ਵਿੱਚ ਮੇਰੀ ਉੱਚੀ ਪਵਿੱਤਰਤਾ ਦੀ ਗਵਾਹੀ ਦੇਵੇਂ ਅਤੇ ਮੈਂ ਆਪਣੇ ਅੰਦਰੋਂ ਤੇਰੀ ਉੱਚੀ ਪਦਵੀ ਦਾ ਸਾਖੀ ਹੋਵਾਂ।

34

45

ਹੇ ਹਸਤੀ ਦੇ ਪੁੱਤਰ

ਮੇਰੀ ਰਜ਼ਾ ਤੇ ਸੰਤੁਖ ਰੱਖਦਾ ਅਤੇ ਮੇਰੇ ਹੁਕਮ ਦਾ ਸ਼ੁਕਰ ਕਰਦਾ ਹੋਇਆ ਮੇਰੇ ਰਾਹ ਵਿੱਚ ਸ਼ਹੀਦ ਦੀ ਮੌਤ ਮੰਗ ਤਾਂ ਜੋ ਤੂੰ ਪ੍ਰਤਾਪ ਦੇ ਟਿਕਾਣੇ ਤੋਂ ਅਗਾਂਹ ਲੰਘ ਕੇ ਤੇਜ ਦੇ ਛਤਰ ਹੇਠ ਮੇਰੇ ਨਾਲ ਵਿਸ਼ਰਾਮ ਕਰੇਂ ।

46

ਹੇ ਮਨੁੱਖ ਦੇ ਪੁੱਤਰ

ਗਹੁ ਨਾਲ ਸੋਚ : ਤੂੰ ਮਜੇ ਤੇ ਪੈ ਕੇ ਮਰਨਾ ਚਾਹੁੰਦਾ ਹੈਂ ਜਾਂ ਮੇਰੇ ਰਾਹ ਵਿੱਚ ਸ਼ਹੀਦ ਹੋ ਕੇ ਮਿੱਟੀ ਵਿੱਚ ਆਪਣਾ ਖ਼ੂਨ ਡੁੱਲ੍ਹਣਾ ਅਤੇ ਇਸ ਤਰ੍ਹਾਂ ਮੇਰੇ ਹੁਕਮ ਨੂੰ ਸਪਸ਼ਟ ਕਰਨਾ ਅਤੇ ਉੱਚੇ ਤੋਂ ਉੱਚੇ ਸੁਹਜ ਵਿੱਚ ਮੇਰੀ ਜੋਤੀ ਨੂੰ ਪ੍ਰਗਟ ਕਰਨਾ ਚਾਹੁੰਦਾ ਹੈ ? ਹੇ ਬੰਦੇ, ਠੀਕ ਨਿਰਣਾ ਕਰ ਲੈ ।

35

47

ਹੇ ਮਨੁੱਖ ਦੇ ਪੁੱਤਰ

ਮੈਨੂੰ ਆਪਣੇ ਰੂਪ ਦੀ ਸਹੁੰ ਤੇਰਾ ਆਪਣੇ ਵਾਲ਼ਾਂ ਨੂੰ ਆਪਣੇ ਲਹੂ ਨਾਲ ਰੰਗ ਲੈਣਾ ਮੇਰੀਆਂ ਨਜ਼ਰਾਂ ਵਿੱਚ ਬ੍ਰਹਿਮੰਡ ਦੀ ਸਿਰਜਣਾ ਅਤੇ ਚੋਹਾਂ ਜਹਾਨਾਂ ਦੀ ਜੰਞ ਨਾਲੋਂ ਵਧੇਰੇ ਮਹੱਤਵਪੂਰਣ ਹੈ । ਤਾਂ ਫਿਰ ਹੇ ਬੰਦੇ, ਇਸੇ ਉਪਲਬਧੀ ਲਈ ਜਤਨ ਕਰ ।

48

ਹੇ ਮਨੁੱਖ ਦੇ ਪੁੱਤਰ

ਹਰ ਸ਼ੈ ਦਾ ਚਿੰਨ੍ਹ ਹੁੰਦਾ ਹੈ । ਪਿਆਰ ਦਾ ਚਿੰਨ੍ਹ ਹੈ ਮੇਰਾ ਹੁਕਮ ਮੰਨਣ ਲਈ ਜ਼ੋਰ। ਅਤੇ ਮੇਰੀਆਂ ਪਾਈਆ ਆਜ਼ਮਾਇਸ਼ਾਂ ਲਈ ਧੀਰਜ ।

49

ਹੇ ਮਨੁੱਖ ਦੇ ਪੁੱਤਰ

ਸੱਚੇ ਪ੍ਰੇਮੀ ਨੂੰ ਦੁੱਖ ਦੀ ਤਾਘ ਹੁੰਦੀ ਹੈ । ਉਸੇ ਤਰ੍ਹਾਂ ਜਿਵੇਂ ਬਾਗ਼ੀ ਨੂੰ ਮੁਆਫ਼ੀ ਅਤੇ ਪਾਪ ਨੂੰ ਬਖ਼ਸ਼ਿਆ ਦੀ ।

36

50

ਹੇ ਮਨੁੱਖ ਦੇ ਪੁੱਤਰ

ਜੋ ਮੇਰੇ ਰਾਹ ਵਿੱਚ ਤੈਨੂੰ ਸੰਕਟ ਨਾ ਵਾਪਰੇ ਤਾਂ ਤੂੰ ਉਹਨਾਂ ਦੇ ਰਾਹ ਤੇ ਕਿਵੇਂ ਚੱਲੇਂਗਾ ਜਿਹੜੇ ਮੇਰੀ ਰਜ਼ਾ ਵਿੱਚ ਰਾਜ਼ੀ ਰਹਿੰਦੇ ਹਨ ? ਜੇ ਮੇਰੇ ਦੀਦਾਰ ਦੀ ਤਾਘ ਵਿੱਚ ਤੈਨੂੰ ਅੱਕੜਾਂ ਨੇ ਨਾ ਸਤਾਇਆ ਤਾਂ ਮੇਰੇ ਰੂਪ ਦੇ ਧਿਆਨ ਵਿੱਚ ਤੈਨੂੰ ਜੋਤੀ ਕਿਵੇਂ ਪ੍ਰਾਪਤ ਹੋਵੇਗੀ ?

51

ਹੇ ਮਨੁੱਖ ਦੇ ਪੁਤਰ

ਮੇਰੀ ਘੱਲੀ ਬਿਪਤਾ ਮੇਰੀ ਦਾਤ ਹੈ, ਇਹ ਬਾਹਰੋਂ ਤਾਂ ਅੱਗ ਅਤੇ ਬਦਲਾ ਹੈ ਪਰੰਤੂ ਅੰਦਰੋਂ ਜੋਤ ਅਤੇ ਰਹਮਤ ਹੈ । ਛੇਤੀ ਛੇਤੀ ਇਸ ਵਿੱਚ ਦਾਖ਼ਲ ਹੋ ਜਾ ਤਾਂ ਜੋ ਤੂੰ ਅਨੰਤ ਜੋਤੀ ਅਤੇ ਅਮਰ ਆਤਮਾ ਬਣ ਜਾਵੇਂ । ਇਹ ਤੈਨੂੰ ਮੇਰਾ ਹੁਕਮ ਹੈ । ਇਸ ਨੂੰ ਸਮਝ ਲੈ ।

37

52

ਹੇ ਮਨੁੱਖ ਦੇ ਪੁੱਤਰ

ਜੇ ਤੇਰੇ ਤੇ ਖੁਸ਼ਹਾਲੀ ਆ ਜਾਵੇ ਤਾਂ ਖੁਸ਼ੀਆਂ ਨਾ ਮਨਾਵੀਂ ਅਤੇ ਜੇ ਗਿਰਾਵਟ ਆ ਜਾਵੇ ਤਾਂ ਦੁਖੀ ਨਾ ਹੋਵੀਂ, ਕਿਉਂਜੋ ਦੋਵੇਂ ਲੰਘ ਜਾਣਗੀਆਂ । ਇਹ ਰਹਿਣ ਵਾਲੀਆਂ ਨਹੀਂ ।

53

ਹੇ ਹਸਤੀ ਦੇ ਪੁੱਤਰ

ਜੇ ਗਰੀਬੀ ਤੈਨੂੰ ਆ ਘੇਰੇ ਤਾਂ ਉਦਾਸ ਨਾ ਹੋਵੀਂ; ਕਿਉਂਜੋ ਸਮਾਂ ਆਉਣ ਤੇ ਦੌਲਤ ਦਾ ਮਾਲਕ ਆਪ ਤੇਰੇ ਪਾਸ ਆਵੇਗਾ । ਨਿਰਾਦਰ ਤੋਂ ਨਾ ਡਰੀਂ ਕਿਉਂਜੋ ਇਕ ਦਿਨ ਪ੍ਰਤਾਪ ਤੇਰੇ ਤੇ ਆਣ ਟਿਕੇਗਾ ।

54

ਹੇ ਹਸਤੀ ਦੇ ਪੁੱਤਰ

ਜੇ ਤੈਨੂੰ ਉਸ ਅਮਰ, ਅਖੰ ਰਾਜ ਅਤੇ ਉਸ ਸਨਾਤਣ ਅਭੰਡ ਜੀਵਨ ਨਾਲ ਪਿਆਰ ਹੈ ਤਾਂ ਇਸ ਨਾਸ਼ਵਾਨ ਅਤੇ ਲੋਪ ਹੋ ਜਾਣ ਵਾਲੀ ਸੱਤਾ ਨੂੰ ਛੱਡ ਦੇ ।

55

ਹੇ ਹਸਤੀ ਦੇ ਪੁੱਤਰ

ਇਸ ਦੁਨੀਆਂ ਵਿੱਚ ਕੀ ਰੁੱਤ ਕਿਉਂ ਜੋ ਅਸੀਂ ਅੱਗ ਨਾਲ ਸੋਨੇ ਨੂੰ ਪਰਖਦੇ ਹਾਂ ਅਤੇ ਦੁੱਖ ਨਾਲ ਆਖਰੀ ਬੰਦਿਆਂ ਨੂੰ ।

56

ਹੇ ਮਨੁੱਖ ਦੇ ਪੁੱਤਰ

ਤੂੰ ਸੋਨਾ ਚਾਹੁੰਦਾ ਹੈਂ ਅਤੇ ਮੈਂ ਤੇਰੀ ਚਿੰਤਾ ਮੁਕਤੀ ਚਾਹੁੰਦਾ ਹਾਂ । ਤੂੰ ਇਸ ਦਾ ਮਾਲਕ ਬਣ ਕੇ ਆਪਣੇ ਆਪ ਨੂੰ ਧਨਾਢ ਸਮਝਦਾ ਹੈਂ ਅਤੇ ਮੈਂ ਜਿਸਦੀ ਨਿਰਮਲ ਹੋ ਜਾਣ ਨੂੰ ਤੇਰੀ ਦੌਲਤ ਮੰਗਦਾ ਹਾਂ । ਮੈਨੂੰ ਆਪਣੀ ਜਾਨ ਦੀ ਸੌਂਹ, ਇਹ ਸੌਦਾ ਦਿਲਚਸਪ ਹੈ ਅਤੇ ਉਹ ਤੇਰਾ ਖਿਆਲ । ਸੋਨਾ ਰਾਹ ਅਤੇ ਤੇਰਾ ਰਾਹ ਮਿਲ ਕਿਵੇਂ ਸੱਕਦੇ ਹਨ ?

57

ਹੇ ਮਨੁੱਖ ਦੇ ਪੁੱਤਰ

ਮੇਰੀ ਦੌਲਤ ਮੇਰੇ ਗਰੀਬਾਂ ਨੂੰ ਬਖਸ਼ ਦੇ ਤਾਂ ਜੋ ਤੂੰ ਸੁਰਗ ਲੋਕ ਵਿਚ ਪ੍ਰਤਾਪ ਦੇ ਅਖੁੱਟ ਭੰਡਾਰਾਂ ਅਤੇ ਰੋਜ ਦੇ ਅਮਿਟ ਮਜ਼ਾਹਿਆਂ 'ਚੋਂ ਪ੍ਰਾਪਤੀ ਕਰ ਸਕੇਂ । ਪਰ ਸੌਂਹ ਮੈਨੂੰ ਆਪਣੀ ਜਾਨ ਦੀ, ਜੇ ਕਿਤੇ ਮੇਰੀ ਅੱਖ ਨਾਲ ਦੇਖ ਸਕੇਂ ਤਾਂ ਤੇਰੀ ਆਤਮਾ ਦੀ ਭੁੱਖ ਵਧੇਰੇ ਮਹਾਨ ਕਾਰਜ ਹੈ ।

58

ਹੇ ਮਨੁੱਖ ਦੇ ਪੁੱਤਰ

ਵਜੂਦ ਦਾ ਮੰਦਰ ਮੇਰਾ ਸਿੰਘਾਸਣ ਹੈ । ਇਸ ਨੂੰ ਸਭਨੀਂ ਪੱਖੀਂ ਸਾਫ ਕਰਦੇ ਤਾਂ ਜੋ ਮੈਂ ਇੱਥੇ ਬਿਰਾਜਮਾਨ ਹੋ ਜਾਵਾਂ ਅਤੇ ਸਦਾ ਲਈ ਇਸ ਵਿੱਚ ਵਾਸ ਕਰ ਸਕਾਂ ।

59

ਹੇ ਹਸਤੀ ਦੇ ਪੁੱਤਰ

ਤੇਰਾ ਦਿਲ ਮੇਰਾ ਘਰ ਹੈ, ਮੇਰੇ ਉਤਾਰੇ ਲਈ ਇਸ ਨੂੰ ਸੁੱਖ ਕਰ । ਤੇਰੀ ਆਤਮਾ ਮੇਰੇ ਪ੍ਰਜਾਤੰਤ੍ਰ ਦੀ ਥਾਂ ਹੈ, ਮੇਰੇ ਪ੍ਰਕਾਸ਼ ਲਈ ਇਸ ਨੂੰ ਸਾਫ ਕਰ ।

40

60

ਹੇ ਮਨੁੱਖ ਦੇ ਪੁੱਤਰ

ਮੇਰੀ ਬੁੱਕਲ ਵਿੱਚ ਹੱਥ ਪਾ ਤਾਂ ਜੋ ਮੈਂ ਤੇਰੇ ਉੱਪਰ ਚਮਕਦਾ ਅਤੇ ਕਿਰਨਾ ਖਿਲਾਰਦਾ ਨਿੱਕਲ ਪਵਾਂ।

61

ਹੇ ਮਨੁੱਖ ਦੇ ਪੁੱਤਰ

ਮੇਰੇ ਗਯਾਨ ਮੰਡਲ ਵੱਲ ਉੱਚਾ ਉੱਠ ਤਾਂ ਜੋ ਮਿਲਾਪ ਦਾ 'ਆਨੰਦ ਮਾਣੇਂ' ਅਤੇ ਅਮਿਟ ਤੇਜ ਦੇ ਪਿਆਲੇ 'ਚੋਂ' ਅਦੁੱਤੀ ਸ਼ਰਾਬ ਦੇ ਘੱਟ ਭਰ ਸੱਕੇਂ।

62

ਹੇ ਮਨੁੱਖ ਦੇ ਪੁੱਤਰ

ਚੱਪੇ ਚਿਹਾੜੇ ਲੰਘ ਗਏ ਅਤੇ ਤੂੰ ਆਪਣੇ ਖ਼ਿਆਲਾਂ ਅਤੇ ਬੇਅਰਥ ਕਲਪਨਾਵਾਂ ਵਿੱਚ ਰੁੱਝਿਆ ਰਿਹੈਂ। ਕਿੱਥਾਂ ਪੈ ਕੇ ਸੁੱਤਾ ਰਹੇਂਗਾ ? ਨੀਂਦ ਵੀਂ ਸਿਰ ਚੁੱਕ ਕਿਉਂਜੋ ਬੁਰਜ ਸਿਖਰੇ ਦਸ਼ੂ ਆਇਆ ਹੈ। ਜਾਣੇ ਬੁਧ ਦੀ ਜੋਤ ਨਾਲ ਤੇਰੇ ਤੇ ਹੀ ਚਮਕ ਪਵੇ।

41

63

ਹੇ ਮਨੁੱਖ ਦੇ ਪੁੱਤਰ

ਪਵਿੱਤਰ ਪਹਾੜ ਦੇ ਖਿਤਜ ਵੱਲੋਂ ਤੇਰੇ ਤੇ ਨੂਰ ਭਲ੍ਹਾਕਿਆ ਹੈ ਅਤੇ ਗਿਆਨ ਦੀ ਆਤਮਾ ਨੇ ਤੇਰੇ ਦਿਲ ਦੇ ਨੂਰ ਵਿੱਚ ਸਾਹ ਲਿਆ ਹੈ। ਇਸ ਕਰਕੇ ਬੇਅਰਥ ਕਲਪਨਾਵਾਂ ਦੇ ਪਰਦੇ ਤੋਂ ਆਜ਼ਾਦ ਹੋ ਜਾ ਅਤੇ ਮੇਰੇ ਵਿਹੜੇ ਆ ਵੜ ਤਾਂ ਜੋ ਅਨੰਤ ਜੀਵਨ ਦੇ ਯੋਗ ਅਤੇ ਮੇਰੇ ਮਿਲਾਪ ਦੇ ਲਾਇਕ ਹੋ ਜਾਵੇਂ। ਇਸ ਤਰ੍ਹਾਂ ਨਾ ਤੈਨੂੰ ਮੌਤ ਪੋਹੇਗੀ, ਨਾ ਥਕਾਵਟ, ਨਾ ਦੁੱਖ।

64

ਹੇ ਮਨੁੱਖ ਦੇ ਪੁੱਤਰ

ਮੇਰੀ ਸਦੀਵਤਾ ਮੇਰੀ ਸਿਰਜਣਾ ਹੈ, ਇਸ ਨੂੰ ਮੈਂ ਤੇਰੇ ਲਈ ਸਿਰਜਿਆ ਹੈ। ਇਸ ਨੂੰ ਆਪਣੇ ਅੰਦਰ ਵਿੱਚ (ਪੂਜਾ ਦਾ) ਵਸਤਰ ਬਣਾ ਲੈ। ਮੇਰੀ ਏਕਤਾ ਮੇਰੀ ਕਾਰੀਗਰੀ ਹੈ; ਇਸ ਨੂੰ ਮੈਂ ਬੇਰੀ ਆਤਰ ਘੜਿਆ ਹੈ; ਇਸ ਨੂੰ ਪਹਿਨ ਲੈ ਤਾਂ ਜੋ ਤੂੰ ਸਦਾ ਸਦਾ ਲਈ ਮੇਰੀ ਅਮਰਤਾ ਨੂੰ ਉਜਾਗਰ ਕਰਦਾ ਰਹੇਂ।

65

ਹੇ ਮਨੁੱਖ ਦੇ ਪੁੱਤਰ

ਮੇਰੀ ਸ਼ੋਭਾ ਤੈਨੂੰ ਮੇਰੀ ਦਾਤ ਹੈ ਅਤੇ ਮੇਰੀ ਸ਼ਾਨ ਤੇਰੇ ਤੇ ਮੇਰੀ ਕਰੁਣਾ ਦਾ ਚਿੰਨ੍ਹ ਹੈ। ਤੈਨੂੰ ਕੀ ਜਚਦਾ ਹੈ ਕੋਈ ਨਹੀਂ ਸਮਝੇਗਾ, ਨਾ ਕੋਈ ਉਸਦਾ ਵਰਨਣ ਕਰ ਸਕਦਾ ਹੈ। ਨਿਸਚੇ ਹੀ ਮੈਂ ਉਸ (ਭੰਤ) ਨੂੰ ਆਪਣੇ ਬੰਦਿਆਂ ਤੇ ਆਪਣੀ ਪਿਆਰ ਭਰੀ ਮਿਹਰ ਅਤੇ ਆਪਣੀ ਖ਼ਲਕਤ ਤੇ ਆਪਣੀ ਕਰੁਣਾ ਦੀ ਨਿਸ਼ਾਨੀ ਵਜੋਂ ਆਪਣੇ ਗੁਪਤ ਭੰਡਾਰਾਂ ਅਤੇ ਆਪਣੀ ਆਗਿਆ ਦੇ ਖ਼ਜ਼ਾਨਿਆਂ ਵਿੱਚ ਰੱਖ ਛੱਡਿਆ ਹੈ।

66

ਹੇ ਪ੍ਰਭੂ ਦੇ ਅਡਿੱਠ ਤੱਤ ਦੇ ਬੱਚਿਓ

ਤੁਹਾਨੂੰ ਮੇਰੇ ਨਾਲ ਪਿਆਰ ਕਰਨ ਤੋਂ ਰੋਕਿਆ ਜਾਵੇਗਾ ਅਤੇ ਮਨੁੱਖ ਮੇਰਾ ਨਾਂ ਲੈਂਦਿਆਂ ਘਬਰਾਉਣਗੇ ਕਿਉਂਜੋ ਬੁੱਧਾਂ ਮੈਨੂੰ ਸਮਝ ਨਹੀਂ ਸਕਦੀਆਂ, ਨਾ ਹਿਰਦੇ ਆਪਣੇ ਅੰਦਰ ਰੱਖਦੇ ਹਨ।

67

ਹੇ ਰੂਪ ਦੇ ਪੁੱਤਰ

ਮੈਨੂੰ ਆਪਣੀ ਰੂਹ ਅਤੇ ਆਪਣੀ ਮਿਹਰ ਦੀ ਸੌਂ, ਆਪਣੀ ਕਰੁਣਾ ਅਤੇ ਆਪਣੇ ਰੂਪ ਦੀ ਸੌਂਹ, ਜੋ ਕੁਝ ਮੈਂ ਤੇਰੇ ਤੇ ਬ੍ਰਹਮੰਡ ਦੀ ਸ਼ਕਤੀ ਨਾਲ ਪ੍ਰਗਟ ਕੀਤਾ ਹੈ ਅਤੇ ਤੇਰੇ ਲਈ ਸ਼ਕਤੀ ਦੀ ਕਲਮ ਨਾਲ ਲਿਖਿਆ ਹੈ ਉਹ ਤੇਰੀ ਗ੍ਰਹਿਣ ਸ਼ਕਤੀ ਅਤੇ ਸਮਝ ਅਨੁਸਾਰ ਸੀ, ਮੇਰੀ ਸ਼ਾਨ ਅਤੇ ਮੇਰੀ ਜਾਣੀ ਦੀ ਮਹੱਤਤਾ ਅਨੁਸਾਰ ਨਹੀਂ ਸੀ।

ਹੇ ਅਨੁੱਖ ਦੇ ਬੱਚਿਓ

ਕੀ ਤੁਸੀਂ ਨਹੀਂ ਜਾਣਦੇ ਅਸੀਂ ਤੁਹਾਨੂੰ ਇੱਕੋ ਮਿੱਟੀ ਤੋਂ ਕਿਉਂ ਸਾਜਿਆ ਹੈ ? ਤਾਂ ਜੋ ਕੋਈ ਆਪਣੇ ਆਪ ਨੂੰ ਦੂਜੇ ਤੋਂ ਵੱਡਾ ਨਾ ਸਮਝੇ । ਹਰ ਵੇਲੇ ਵਿਚਾਰਦੇ ਰਹੋ ਤੁਸੀਂ ਕਿਵੇਂ ਸਾਜੇ ਗਏ ਸਾਉ । ਕਿਉਂਜੋ ਅਸੀਂ ਤੁਹਾਨੂੰ ਸਭਨਾਂ ਨੂੰ ਇੱਕੋ ਪੈ ਥੀਂ ਘੜਾਇਆ ਹੈ, ਤੁਹਾਡਾ ਕਰਤੱਵ ਹੈ ਇੱਕ ਹੋ ਕੇ ਰਹਿਣਾ, ਇੱਕੋ ਪੈਰਾਂ ਨਾਲ ਤੁਰਨਾ, ਇੱਕੋ ਮੂੰਹ ਨਾਲ ਖਾਣਾ ਅਤੇ ਇੱਕੋ ਧਰਤੀ ਤੇ ਵਸਣਾ ਤਾਂ ਜੋ ਤਹਾਡੇ ਅਮਲਾਂ ਅਤੇ ਕਰਨੀਆਂ ਦੁਆਰਾ ਤੁਹਾਡੀ ਅੰਤਰ-ਆਤਮਾ ਵਿੱਚੋਂ ਏਕਤਾ ਦਾ ਚਿੰਨ੍ਹ ਅਤੇ ਨਿਰਲੇਪਤਾ ਦਾ ਤੱਤ ਪ੍ਰਗਟ ਹੋਵੇ । ਹੇ ਭੁਰਮਟ ਵਿੱਚ ਬਲ ਰਹੇ ਦੀਪਕੋ, ਤੁਹਾਨੂੰ ਮੇਰਾ ਇਹੀ ਉਪਦੇਸ਼ ਹੈ । ਇਸ ਉਪਦੇਸ਼ ਤੇ ਧਿਆਨ ਦਿਓ, ਤਾਂ ਜੋ ਵਿਲੱਖਣ ਤੇਜ ਦੇ ਬਿਰਖ ਤੋਂ ਪਵਿੱਤਰਤਾ ਦਾ ਫਲ ਪ੍ਰਾਪਤ ਕਰ ਸੱਕੋ ।

69

ਹੇ ਆਤਮਾ ਦੇ ਪੁੱਤਰੋ

ਤੁਸੀਂ ਮੇਰਾ ਖਜ਼ਾਨਾ ਹੋ, ਕਿਉਂਜੋ ਤੁਹਾਡੇ ਅੰਦਰ ਮੈਂ ਆਪਣੇ ਰਹੱਸਾਂ ਦੇ ਮੋਤੀ ਅਤੇ ਆਪਣੇ ਗਿਆਨ ਦੇ ਹੀਰੇ ਸਾਂਭ ਕੇ ਰੱਖੇ ਹਨ । ਦਿਹਨਾਂ ਨੂੰ ਮੇਰੇ ਬੰਦਿਆਂ ਵਿੱਚ ਰਹਿਣ ਵਾਲੇ ਗੌਰਾਂ ਅਤੇ ਮੇਰੀ ਖਲਕਤ ਵਿੱਚ ਵਸਣ ਵਾਲੇ ਬਦਕਾਰਾਂ ਥੀਂ ਬਚਾ ਕੇ ਰੱਖਿਓ ।

70

ਹੇ ਚੁਸਵੇ ਪੁੱਤਰ ਜਿਹੜਾ ਆਪਣੇ ਆਤਮ ਭਾਵ ਦੇ ਰਾਜ ਵਿੱਚ ਆਖਣੀ ਹੋਂਦ ਨਾਲ ਸਥਿਰ ਹੋਇਆ.

ਜਾਣ ਲੈ ਕਿ ਮੈਂ ਪਵਿੱਤਰਤਾ ਦੀਆਂ ਸਭ ਸਭੰਧੀਆਂ ਤੇਰੇ ਵੱਲ ਭੁਲਾਈਆਂ ਹਨ, ਆਪਣਾ ਸ਼ਬਦ ਤੇਰੇ ਤੇ ਸਮੁੱਚਾ ਹੀ ਪ੍ਰਗਟ ਕਰ ਦਿੱਤਾ ਹੈ, ਆਪਣੀ ਦਾਤ ਨੂੰ ਤੇਰੇ ਦੁਆਰਾ ਪਰਿਪੂਰਨ ਕੀਤਾ ਹੈ ਅਤੇ ਤੇਰੇ ਲਈ ਉਹੀ ਚਾਹਿਆ ਹੈ ਜੋ ਆਪਣੇ ਲਈ । ਤਾਂ ਫਿਰ ਮੇਰੀ ਰਜ਼ਾ ਵਿੱਚ ਰਾਜ਼ੀ ਰਹੋ ਅਤੇ ਮੇਰਾ ਸ਼ੁਕਰ ਕਰ ।

46

71

ਹੈ ਮਨੁੱਖ ਦੇ ਪੁੱਤਰ

ਜੋ ਕੁਝ ਅਸਾਂ ਤੇਰੇ ਤੇ ਪ੍ਰਗਟ ਕੀਤਾ ਹੈ ਉਹ ਸਾਰਾ ਨੂਰ ਦੀ ਸਿਆਹੀ ਨਾਲ ਆਪਣੀ ਰੂਹ ਦੀ ਛੱਟੀ ਤੇ ਲਿਖ ਲੈ । ਜੇ ਤੈਨੂੰ ਇਸ ਦੀ ਹਿੰਮਤ ਨਾ ਹੋਵੇ ਤਾਂ ਆਪਣੇ ਦਿਲ ਦੇ ਤੱਤ ਦੀ ਸਿਆਹੀ ਬਣਾ ਲੈ । ਜੇ ਇਸ ਜੋਗਾ ਭੀ ਨਾ ਹੋਵੇਂ ਤਾਂ ਉਸ ਸੁਰਖ ਸਿਆਹੀ ਨਾਲ ਲਿਖ ਜਿਹੜੀ ਮੇਰੇ ਰਾਹ ਵਿੱਚ ਡੁਲ੍ਹੀ ਹੈ । ਸੱਚ ਸੱਚ ਇਹ ਮੈਨੂੰ ਹੋਰ ਸਭਨਾਂ ਨਾਲੋਂ ਪਿਆਰੀ ਹੈ ਅਤੇ ਇਸਦੀ ਚਮਕ ਸਦਾ ਸਦਾ ਬਣੀ ਰਹੇਗੀ ।

"ਸ਼ੁਭ ਵਾਕ"

ਭਾਗ—2 ਫ਼ਾਰਸੀ ਤੋਂ

ਵਾਕ ਦੇ ਸੁਆਮੀ ਸ਼ਕਤੀਮਾਨ ਦੇ ਨਾਂ ਤੇ

1

ਹੇ ਸਾਕਾਦੀ ਮੱਤ ਅਤੇ ਸੁਣਦੇ ਕੰਨਾਂ ਵਾਲਿਓ

ਖ਼ਿਆਹ ਦੀ ਪਹਿਲੀ ਪੁਕਾਰ ਇਹ ਹੈ : ਹੇ ਰਹੱਸ ਬੋਲੀ ਬੁਲਬੁਲ, ਆਤਮ ਤੱਤ ਦੇ ਗੁਲਿਸਤਾਂ ਨੂੰ ਛੱਡ ਤੇ ਹੋਰ ਕਿਤੇ ਨਾ ਟਿਕੀਂ ।

ਦੇ ਪ੍ਰੇਮ ਰੂਪੀ ਸੁਲੇਮਾਨ ਦੇ ਸੁਨੇਹੀ, ਪ੍ਰੀਤਮ ਦੇ ਸਬਾ* ਤੋਂ ਇਲਾਵਾ ਕੋਈ ਆਸਰਾ ਨਾਂ ਭਾਲੀਂ ਅਤੇ ਹੇ ਅਮਰ ਪੰਖੇਰੂ, **ਸਿਦਕ ਦੇ ਪਹਾੜ ਤੋਂ ਸਿਵਾ ਕਿਤੇ ਨਾ ਰਹੀਂ—ਜੇ ਤੂੰ ਆਤਮਾ ਦੇ ਖੰਭਾਂ ਨਾਲ ਅਨੰਤ ਦੇ ਨਾਲ ਛੋਹ ਪੁਜਾਰੀ ਮਾਰਨਾ ਅਤੇ ਆਪਣੀ ਮੰਜ਼ਿਲ ਤੇ ਪੁੱਜਣਾ ਚਾਹੁੰਦਾ ਹੈਂ—ਤੇਰਾ ਬਸੇਰਾ ਉਹੀ ਹੈ ।

*ਕਥਨ ਹੈ ਹਜ਼ਰਤ ਸੁਲੇਮਾਨ ਅਤੇ ਸਬਾ ਦੀ ਰਾਣੀ ਬਿਲਕੀਸ ਦੀ ਪ੍ਰੇਮ ਕਹਾਣੀ ਵੱਲ ਜਿਹਨਾਂ ਤੇ ਪ੍ਰੇਮ ਸੁਨੇਹੇ ਹੁਦਹੁਦ (ਚੱਕੋਰਾਹਾ) ਨਾਂ ਦੇ ਪੰਛੀ ਦੁਆਰਾ ਭੇਜੇ ਜਾਂਦੇ ਸਨ ।

**ਪੰਨਾ 2 ਦੇ ਥੱਲੇ

2

ਹੇ ਆਤਮਾ ਦੇ ਪੁੱਤਰ

ਪੰਛੀ ਨੂੰ ਆਲ੍ਹਣੇ ਦੀ ਭਾਲ ਹੈ ਅਤੇ ਬੁਲਬੁਲ ਨੂੰ ਫੁੱਲ ਦੇ ਰੂਪ ਦੀ ਪਰਤੂ ਦੂਸਰੇ ਪੰਛੀ—ਬੰਦਿਆਂ ਦੇ ਦਿਲ– ਛਿਣ-ਭੰਗੁਰ ਮਿੱਟੀ ਨਾਲ ਕ੍ਰਿਪਤ ਹੋਕੇ ਆਪਣੇ ਸਦੀਵੀ ਆਲ੍ਹਣੇ ਤੋਂ ਭਟਕ ਗਏ ਹਨ ਅਤੇ ਬੇਧਿਆਨੀ ਦੀ ਦਲਦਲ ਤੇ ਧਿਆਨ ਲਗਾ ਕੇ ਰੱਬੀ ਹਜ਼ੂਰੀ ਦੀ ਸ਼ਾਨ ਤੋਂ ਵਾਂਝੇ ਰਹਿ ਗਏ ਹਨ। ਕਿੰਨੀ ਅਚਰਜ ਅਤੇ ਖੇਦ ਪੂਰਨ ਗੱਲ ਹੈ : ਇਕ ਪਿਆਲਾ ਭਰ ਪ੍ਰਾਪਤੀ ਲਈ ਉਹਨਾਂ ਨੇ ਸਰਵ ਉੱਚ ਤੱਤ ਦੇ ਠਾਠਾਂ ਮਾਰਦੇ ਸਾਗਰ ਥੀਂ ਮੂੰਹ ਮੋੜ ਲਿਆ ਹੈ ਅਤੇ ਪਰਮਤੇਜਵਾਨ ਖਿਤਜ ਤੋਂ ਦੂਰ ਰਹਿ ਗਏ ਹਨ।

**ਮੂਲ ਫਾਰਸੀ ਪਾਠ ਵਿੱਚ ਸ਼ਬਦ "ਊਨਕਾ" ਆਇਆ ਹੈ। ਅਰਬ ਦੇ ਪੁਰਾਣੇ ਕਿੱਸਿਆਂ ਅਨੁਸਾਰ ਇਹ ਪੰਛੀ ਇਕੱਲਾ ਹੀ ਚੁੰਦਾ ਹੈ। ਹਰ ਪੰਜ ਸੌ ਸਾਲਾਂ ਬਾਅਦ ਸੜ ਕੇ ਮਰ ਜਾਂਦਾ ਹੈ ਅਤੇ ਆਪਣੀ ਸੁਆਹ ਵਿੱਚੋਂ ਫਿਰ ਪੈਦਾ ਹੋ ਜਾਂਦਾ ਹੈ—ਅਨੁਵਾਦਕ

3

ਹੇ ਮਿੱਤਰ

ਆਪਣੇ ਦਿਲ ਦੇ ਬਾਗ਼ ਵਿੱਚ ਪਿਆਰ ਦੇ ਗੁਲਾਬ ਨੂੰ ਛੱਡ ਕੇ ਹੋਰ ਕੋਈ ਬੂਟਾ ਨਾ ਲਾ ਅਤੇ ਭਾਵਨਾ ਅਤੇ ਕਾਮਨਾ ਰੂਪੀ ਬੁਲਬੁਲ ਉੱਪਰੋਂ ਆਪਣੀ ਪਕੜ ਢਿੱਲੀ ਨਾ ਹੋਣ ਦੇ। ਨਿਆਂਕਾਰਾਂ ਦੀ ਸੰਗਤ ਨੂੰ ਵਡਮੁੱਲੀ ਜਾਣ ਅਤੇ ਬਦਕਾਰਾਂ ਦਾ ਸਾਥ ਛੱਡ ਦੇ।

4

ਹੇ ਨਿਆਂ ਦੇ ਪੁੱਤਰ

ਪ੍ਰੇਮੀ ਆਪਣੇ ਪਿਆਰੇ ਦੇ ਵਤਨ ਨੂੰ ਛੱਡ ਕੇ ਹੋਰ ਕਿੱਥੇ ਜਾ ਸਕਦਾ ਹੈ ਅਤੇ ਕਿਹੜਾ ਚਾਹੁਣ ਵਾਲਾ ਹੈ ਜਿਹੜਾ ਆਪਣੇ ਮਨ ਦੀ ਅੱਡਲਾਭਾ ਤੋਂ ਦੂਰ ਰਹਿ ਕੇ ਚੈਨ ਪਾਉਂਦਾ ਹੈ ? ਸੱਚੇ ਪ੍ਰੇਮੀ ਲਈ ਮਿਲਾਪ ਦੀ ਚਿੰਦਗੀ ਹੈ ਅਤੇ ਵਿਛੋੜਾ ਮੌਤ। ਉਸ ਦਾ ਸੀਨਾ ਸਬਰ ਤੋਂ ਖਾਲੀ ਹੁੰਦਾ ਹੈ ਅਤੇ ਉਸ ਦੇ ਦਿਲ ਵਿੱਚ ਸ਼ਾਂਤੀ ਨਹੀਂ ਹੁੰਦੀ। ਉਹ ਹਜ਼ਾਰਾਂ ਜੀਵਨ ਤਿਆਗ ਕੇ ਛੇਤੀ ਨਾਲ ਆਪਣੇ ਪਿਆਰੇ ਦੇ ਘਰ ਪੁੱਜਣਾ ਚਾਹੇਗਾ।

50

5

ਹੇ ਮਿੱਟੀ ਦੇ ਪੁੱਤਰ

ਮੈਂ ਤੈਨੂੰ ਸੱਚ ਆਖਦਾ ਹਾਂ : ਸਭ ਤੋਂ ਵਧੇਰੇ ਨਾਫ਼ਲ ਉਹ ਬੰਦਾ ਹੈ ਜਿਹੜਾ ਬੇਅਰਥ ਬਹਿਸ ਕਰਦਾ ਅਤੇ ਆਪਣੇ ਭਰਾ ਤੋਂ ਵੱਡਾ ਬਣਨਾ ਚਾਹੁੰਦਾ ਹੈ। ਕਹਿ ਦੇ: ਵੀਰੋ, ਆਪਣੇ ਆਪ ਨੂੰ ਕਹਨੀ ਨਾਲ ਸ਼ਿੰਗਾਰੋ, ਗੱਲਾਂ ਨਾਲ ਨਹੀਂ।

6

ਹੇ ਪ੍ਰਿਥਵੀ ਦੇ ਪੁੱਤਰ

ਇਹ ਸੱਚ ਜਾਣ ਕਿ ਜਿਸ ਦਿਲ ਵਿੱਚ ਈਰਖਾ ਦਾ ਥੋੜਾ ਅੰਸ਼ ਵੀ ਬਾਕੀ ਹੈ, ਮੇਰੀ ਅਨੰਤ ਜਾਗੀਰ ਤੀਕ ਨਹੀਂ ਪੁੱਜ ਸਕੇਗਾ, ਨਾ ਹੀ ਮੇਰੀ ਪਵਿੱਤਰਤਾ ਦੇ ਰਾਜ਼ ਵੱਲੋਂ ਆ ਰਹੀ ਨਿਰਮਲਤਾ ਦੀ ਮਿੱਠੀ ਸੁਗੰਧੀ ਵਿੱਚ ਸਾਹ ਲੈ ਸਕੇਗਾ।

51

7

ਹੇ ਪਿਆਰ ਦੇ ਪੁੱਤਰ

ਤੂੰ ਉਪਰਲੀਆਂ ਸ਼ਾਨਦਾਰ ਬੁਲੰਦੀਆਂ ਅਤੇ ਪਿਆਰ ਦੇ ਆਸਮਾਨੀ ਬਿਰਖ ਤੋਂ ਇੱਕ ਕਦਮ ਦੂਰ ਹੈਂ। ਕੇਵਲ ਇਕ ਕਦਮ ਚੁੱਕ ਅਤੇ ਅਗਲੇ ਨਾਲ ਅਨੰਤ ਰਾਜ ਵੱਲ ਵੱਧ ਅਤੇ ਅਮਰਤਾ ਦੇ ਮੰਡਪ ਵਿੱਚ ਜਾ ਵੜ। ਇਸ ਲਈ ਤੇਜ਼ ਦੇ ਕਲਮ ਲੈ ਜੋ ਪ੍ਰਗਟ ਕੀਤਾ ਹੈ ਉਸ ਵੱਲ ਧਿਆਨ ਦੇ।

8

ਹੇ ਪ੍ਰਤਾਪ ਦੇ ਪੁੱਤਰ

ਪਵਿਤੱਰਤਾ ਦੇ ਰਾਹ ਤੇ ਤੇਜ਼ ਚਲ ਅਤੇ ਮੇਰੇ ਮਿਲਾਪ ਦੇ ਸੁਰਗ ਵਿੱਚ ਦਾਖਲ ਹੋ ਜਾ। ਆਤਮਾ ਦੇ ਸੰਕਲਪ ਨਾਲ ਆਪਣੇ ਦਿਲ ਨੂੰ ਚਮਕਾ ਲੈ ਅਤੇ ਸਰਵ ਉੱਚ ਦੇ ਦਰਬਾਰ ਵੱਲ ਛੈਤੀ ਨਾਲ ਤੁਰ ਪੈ।

52

9

ਹੇ ਲੰਘ ਰਹੀ ਫ਼ਾਇਆ

ਸ਼ੱਕ ਦੀਆਂ ਹੋਠਲੀਆਂ ਮੰਜ਼ਿਲਾਂ ਲੰਘ ਜਾ ਅਤੇ ਯਕੀਨ ਦੀਆਂ ਵੱਡੀਆਂ ਬੁਲੰਦੀਆਂ ਵੱਲ ਉਡ। ਸਚਾਈ ਦੀ ਅੱਖ ਖੋਲ੍ਹ ਤਾਂ ਜੋ ਤੂੰ ਹੁਸਨ ਨੂੰ ਬੇਪਰਦਾ ਦੇਖੇਂ ਅਤੇ ਪੁਕਾਰ ਉੱਠੇਂ : ਧੰਨ ਹੈ ਮਾਲਕ, ਸਭ ਤੋਂ ਉੱਚਾ ਸਿਰਜਣਹਾਰ !

10

ਹੇ ਕਾਮਨਾ ਦੇ ਪੁੱਤਰ

ਧਿਆਨ ਨਾਲ ਸੁਣ : ਨਾਸ਼ਵਾਨ ਅੱਖ ਨਾਸ਼-ਰਹਿਤ ਸੁੰਦਰਤਾ ਨੂੰ ਕਦੇ ਨਹੀਂ ਪਛਾਣ ਸਕੇਗੀ, ਨਾ ਹੀ ਬੇਜਾਨ ਦਿਲ ਮੁਰਝਾਏ ਜੋਬਨ ਤੋਂ ਸਿਵਾ ਕਿਸੇ ਚੀਜ਼ ਨਾਲ ਖੁਸ਼ ਹੋ ਸਕਦਾ ਹੈ। ਕਿਉਂ ਜੋ ਹਰ ਸ਼ੈ ਆਪਣੇ ਜਿਹੇ ਨੂੰ ਭਾਲਦੀ ਹੈ ਅਤੇ ਆਪਣੇ ਵਰਗਿਆਂ ਦੀ ਸੰਗਤ ਵਿੱਚ ਸੁਖ ਮੰਨਦੀ ਹੈ।

53

11

ਹੇ ਮਿੱਟੀ ਪੁੱਤਰ

ਆਪਣੀਆਂ ਅੱਖੀਆਂ ਨੂੰ ਮੀਨ੍ਹਆਂ ਕਰ ਲੈ ਤਾਂ ਜੋ ਤੂੰ ਮੇਰਾ ਮੇਰਾ ਰੂਪ ਦਖ ਸਕੇਂ, ਆਪਣੇ ਕੰਨ ਬੰਦ ਕਰ ਲੈ ਤਾਂ ਜੋ ਮੇਰੀ ਆਵਾਜ਼ ਦਾ ਮਧੁਰ ਸੰਗੀਤ ਸੁਣ ਸਕੇਂ; ਆਪਣੇ ਤੋਂ ਖਾਲੀ ਹੋ ਜਾ ਤਾਂ ਜੋ ਮੇਰੇ ਗਿਆਨ ਚੋਂ ਹਿੱਸਾ ਵੰਡਾ ਸਕੇਂ, ਅਤੇ ਦੌਲਤ ਤੋਂ ਖੁੱਸ ਹੋ ਜਾ ਤਾਂ ਜੋ ਮੇਰੀ ਅਨੰਤ ਧਨ ਸੰਪਤੀ ਦੇ ਸਮੁੰਦਰ ਚੋਂ ਸਥਾਈ ਭਾਗ ਪ੍ਰਾਪਤ ਕਰ ਸਕੇਂ। ਭਾਵ ਇਹ ਹੈ ਕਿ ਮੇਰੇ ਖੁਦ ਨੂੰ ਛੱਡ ਕੇ ਸਭ ਕੁਝ ਵੱਲ ਅੰਨ੍ਹਾ, ਮੇਰੇ ਸ਼ਬਦ ਤੋਂ ਸਿਵਾ ਸਭ ਕੁੱਝ ਬੋਲਾ ਅਤੇ ਮੇਰੇ ਗਿਆਨ ਕੁੱਝ ਵਿਲਾਵਾ ਸਾਰੇ ਇਲਮ ਤੋਂ ਖਾਲੀ ਹੋ ਜਾ, ਤਾਂ ਜੋ ਤੂੰ ਸਾਫ ਨਜ਼ਰ, ਸ਼ੁੱਧ ਹਿਰਦੇ ਅਤੇ ਇਕਾਗਰ ਮਨ ਨਾਲ ਮੇਰੀ ਪਵਿੱਤਰਤਾ ਦੇ ਦਰਬਾਰ ਵਿੱਚ ਦਾਖਲ ਹੋ ਸੱਕੇਂ।

12

ਹੇ ਦੇ ਨਜ਼ਰਾਂ ਵਾਲੇ

ਇੱਕ ਅੱਖ ਬੰਦ ਕਰ ਅਤੇ ਦੂਸਰੀ ਖੋਲ੍ਹ ਲੈ। ਭਾਵ ਇੱਕ ਨੂੰ ਚੁਨੀਆਂ ਅਤੇ ਇਸ ਵਿੱਚ ਜੋ ਸਭ ਕੁਝ ਹੈ, ਉਸ ਵੱਲੋਂ ਮੀਚ ਲੈ ਅਤੇ ਦੂਸਰੀ ਨੂੰ ਪ੍ਰੀਤਮ ਦੇ ਪਵਿੱਤਰ ਰੂਪ ਵੱਲ ਖੋਲ੍ਹ ਲੈ।

13

ਹੇ ਮੇਰੇ ਬੱਚਿਓ

ਮੈਨੂੰ ਡਰ ਹੈ ਕਿਤੇ ਤੁਸੀਂ ਆਕਾਸ਼ੀ ਪੁੱਤਰੀ ਦੀ ਦੀ ਝਾਲਾਂ ਵਾਲੇ ਜੰਗਲੇ ਫੜਨ ਦੇ ਯਤਨ ਵਿੱਚ ਹੀ ਡੁੱਬ ਜਾਓ ਅਤੇ ਫੁੱਲ ਦਾ ਰੂਪ ਦੇਖੇ ਬਿਨਾਂ ਪਾਣੀ ਮਿੱਟੀ ਵੱਲ ਨਾ ਧਰਤ ਜਾਓ

14

ਹੇ ਅੱਤਰ

ਨਾਸ਼ਵਾਨ ਰੂਪ ਲਈ ਸਦੀਵੀ ਸੁੰਦਰਤਾ ਨਾ ਤਿਆਗਿਓ, ਅਤੇ ਮਿੱਟੀ ਦੇ ਇਸ ਫ਼ਾਨੀ ਸ਼ਰੀਰ ਨਾਲ ਦਿਲ ਨਾ ਲਾਇਓ।

15

ਹੇ ਆਤਮਾ ਦੇ ਪੁੱਤਰ

ਸਮਾਂ ਆ ਰਿਹਾ ਹੈ ਜਦੋਂ ਪਵਿੱਤਰਤਾ ਦੀ ਖ਼ੁਲ-ਖ਼ੁਲ ਭੇਤ ਛੱਸਣਾ ਛੱਡ ਦੇਵੇਗੀ ਅਤੇ ਤੁਸੀਂ ਸਾਰੇ ਆਸ਼ੀ ਜੀਤ ਅਤੇ ਈਸ਼ਵਰੀ ਨਾਦ ਤੋਂ ਵਾਂਝੇ ਰਹਿ ਜਾਓਗੇ।

16

ਹੇ ਕੰਤਾਹੀ ਦੇ ਤੱਤ

ਹਜ਼ਾਰਾਂ ਜਰੱਸਮਈ ਜ਼ਬਾਨਾਂ ਇੱਕ ਬੋਲੀ ਬਲਦੀਆਂ ਹਨ ਅਤੇ ਹਜ਼ਾਰਾਂ ਗੁੱਝੇ ਭੇਤ ਇੱਕ ਸੁਰ ਨਾਲ ਖੁਲ੍ਹ ਰਹੇ ਹਨ, ਪਰ ਹਾਏ! ਸੁਣਨ ਵਾਲਾ ਕੰਨ ਕੋਈ ਨਹੀਂ, ਨਾ ਸਮਝਣ ਵਾਲਾ ਦਿਲ ਹੈ।

17

ਸਾਥਿਓ

ਭਾਮਮਾਨ ਦੇ ਕਿਵਾੜ ਖੁਲ੍ਹੇ ਹਨ ਅਤੇ ਪ੍ਰੀਤਮ ਦਾ ਨਿਵਾਸ ਪ੍ਰੇਮੀਆਂ ਦੇ ਲਹੂ ਨਾਲ ਸਿੰਗਾਰਿਆ ਹੋਇਆ ਹੈ ਤਾਂ ਭੀ ਕੁਝ ਕੁ ਨੂੰ ਛੱਡ ਕੇ ਸੱਚੇ ਇਸ ਅਮੋਲੀ ਅਮਾਨਤ ਵੱਲੋਂ ਨਿਆਸਰੇ ਹਨ ਅਤੇ ਉਹਨਾਂ ਵਿਚੋਂ ਭੀ ਮੁੱਠੀ ਭਰ ਹੀ ਨਿੱਕਲੇ ਹਨ।

18

ਹੇ ਉੱਚੇ ਤੋਂ ਉੱਚੇ ਆਨੰਦ ਲੋਕ ਦੇ ਵਾਸੀਓ :

ਵਿਸ਼ਵਾਸ਼ ਦੇ ਬੱਚਿਆਂ ਨੂੰ ਹੌਸਲਾ ਦੇਂਦਿਓ ਕਿ ਪਹਿਲੇ ਤਰਤਾ ਦੇ ਖੇਤਰ ਵਿੱਚ ਬਹਿਸ਼ਤੀ ਬਾਗ਼ ਦੇ ਨੇੜੇ ਇਕ ਨਵੀਂ ਫੁਲਵਾੜੀ ਵੇਖੀ ਗਈ ਹੈ ਜਿਸ ਦੁਆਲੇ ਅਰਸੀ ਰਾਜ਼ ਦੇ ਵਸਨੀਕ ਅਤੇ ਉੱਚੇ ਸੁਰਗ ਦੇ ਅਮਰ ਨਿਵਾਸੀ ਪਰਿਕ੍ਰਮਾ ਕਰਦੇ ਹਨ। ਇਸ ਲਈ ਤੁਸੀਂ ਉਸ ਪਦਵੀ ਤੀਕ ਪੁੱਜਣ ਦਾ ਯਤਨ ਕਰੋ ਤਾਂ ਜੋ ਤੁਸੀਂ ਉਸਦੇ ਫੁੱਲਾਂ ਦੁਆਰਾ ਪਿਆਰ ਦੇ ਭੇਤ ਖੋਲ੍ਹ ਸਕੋ ਅਤੇ ਉਸਦੇ ਸਦੀਵੀ ਫੁੱਲਾਂ ਤੋਂ ਦੀਖ਼ਵਰੀ ਅਤੇ ਪੂਰਨ ਗਿਆਨ ਦਾ ਭੇਤ ਜਾਣ ਸਕੋ। ਜਿਹੜੇ ਉੱਚੇ ਜਾਂਦੇ ਅਤੇ ਵਸਦੇ ਹਨ ਉਹਨਾਂ ਦੀਆਂ ਅੱਖੀਆਂ ਨੂੰ ਠੰਢ ਪੈ ਜਾਂਦੀ ਹੈ।

19

ਹੇ ਮੇਰੇ ਮਿੱਤਰੋ

ਕੀ ਉਹ ਸੱਚੀ ਅਤੇ ਜੋਤਮਈ ਸਵੇਰ ਤੁਹਾਨੂੰ ਭੁੱਲ ਗਈ ਹੈ ਜਦੋਂ ਉਸ ਸ਼ੁਭ ਅਤੇ ਪਵਿੱਤਰ ਵਾਤਾਵਰਣ ਵਿੱਚ ਜੀਵਨ ਬਿਰਖ ਦੀ ਛਾਵੇਂ ਮੇਰੀ ਹਜ਼ੂਰੀ ਵਿੱਚ ਵਿਚਰਨੇ ਹੋਏ ਸਾਰੇ ਜਿਹੜਾ ਸੰਪੂਰਨ ਮਹਿਮਾਮਈ ਸੁਰਗ ਵਿੱਚ ਖੜਿਆ ਹੋਇਆ ਹੈ ? ਜਦੋਂ ਮੈਂ ਇਹ ਮੰਗਲ ਮਈ ਪਵਿੱਤਰ ਵਾਕ ਉਚਾਰੇ ਸਨ ਤਾਂ ਤੁਸੀਂ ਮਨਾਂ ਅਤੇ ਤਨ ਨਾਲ ਸੁਣੇ ਸਨ : ਮਿੱਤਰੋ ਆਪਣੀ ਅਕਲ ਨੂੰ ਮੰਦੀ ਰਜ਼ਾ ਤੋਂ ਚੰਗੀ ਨਾ ਸਮਝਿਓ, ਜੋ ਕੁਝ ਮੈਂ ਤੁਹਾਡੇ ਲਈ ਨਹੀਂ ਚਾਹਿਆ ਉਹ ਕਦੇ ਵੀ ਆਪਣੇ ਅਤੇ ਸੰਸਾਰੀ ਕਾਮਨਾਵਾਂ ਅਤੇ ਤ੍ਰਿਸ਼ਨਾਵਾਂ ਲਈ ਕਬੂਲ ਹੋਏ ਮੁਰਦਾ ਦਿਲ ਲੈ ਕੇ ਮੇਰੇ ਕੋਲ ਨਾ ਆਇਓ। ਸੋ ਕਿਰੇ ਤੁਸੀਂ ਆਪਣੀਆਂ ਆਸ਼ਾਵਾਂ ਨੂੰ ਪਰਿੱਤਰ ਕਰ ਲਓ ਇਸੇ ਘੜੀ ਤੁਹਾਨੂੰ ਓਹ ਥਾਂ ਅੱਜ ਵਾਤਾਵਰਣ ਯਾਦ ਆ ਜਾਵੇਗਾ ਅਤੇ ਮੇਰੇ ਕਥਨ ਦੀ ਸਚਾਈ ਤੁਹਾਡੇ ਤੇ ਉਜਾਗਰ ਹੋ ਜਾਵੇਗੀ।

20

ਪੰਜਵੀਂ ਸੁਰਗੀ ਪਤ੍ਰਿਕਾ ਦੀ ਅੱਠਵੀਂ ਪਰਮ ਪਵਿੱਤਰ ਸਤਰ ਵਿੱਚ ਉਹ ਕਹਿੰਦੇ ਹਨ :

ਹੇ ਗਵਲਨ ਦੇ ਪਲੰਗ ਤੇ ਮੁਹੱਦਿਆਂ ਵਾਂਗ ਸੁੱਤੇ ਪਏ ਲੋਕੋ

ਯੁਗ ਬੀਤ ਗਏ ਜਨ ਅਤੇ ਤੁਹਾਡੇ ਬਹੁਮੁੱਲੇ ਜੀਵਨ ਲਗਭਗ ਮੁਕਣ ਤੇ ਆਏ ਹਨ, ਪਰ ਅੱਵੇ-ਤੁਵਤਾ ਦਾ ਇਕ ਸੁਆਸ ਭੀ ਤੁਹਾਡੇ ਢੱਲੇ ਅਹਾਡ ਪਾਵਨ ਦਰਬਾਰ ਤੀਕ ਨਹੀਂ ਪੁੱਜਿਆ । ਭਾਵੇਂ ਤੁਸੀਂ ਕੁਵਿਸ਼ਵਾਸ ਦੇ ਸਮੁੰਦਰ ਵਿੱਚ ਡੁੱਬੇ ਹੋਏ ਹੋ ਤਾਂ ਭੀ ਮੁੰਹ ਨਾਲ ਪਰਮਾਤਮਾ ਦੇ ਇੱਕੋ ਇੱਕ ਸੱਚੇ ਧਰਮ ਵਿੱਚ ਵਿਸ਼ਵਾਸ ਪ੍ਰਗਟ ਕਰਦੇ ਹੋ । ਜਿਸ ਨੂੰ ਮੈਂ ਘਿਰਣਾ ਕਰਦਾ ਹਾਂ, ਤੁਸਾਂ ਉਸ ਨੂੰ ਪਿਆਰਿਆ ਹੈ ਅਤੇ ਮੇਰੇ ਵੈਰੀ ਨੂੰ ਮਿੱਤਰ ਬਣਾਇਆ ਹੈ । ਫਿਰ ਵੀ ਤੁਸੀਂ ਤਸੱਲੀ ਨਾਲ ਮਗਨ ਹੋ ਕੇ ਮੇਰੀ ਧਰਤੀ ਤੇ ਤੁਰਦੇ ਹੋ, ਸੋਚਦੇ ਨਹੀਂ ਕਿ ਮੇਰੀ ਧਰਤੀ ਤੁਸਾਂ ਥੀਂ ਅੱਕ ਚੁੱਕੀ ਹੈ ਅਤੇ ਇਸ ਦੀ ਹਰ ਸ਼ ਤੁਸਾਂ ਥੀਂ ਕਤਰਾਉਂਦੀ ਹੈ । ਜੇ ਕਿਤੇ ਅੱਖੀਆਂ ਖੋਲ੍ਹ ਕੇ ਦੇਖੋ ਤਾਂ ਇਸ ਖਸ਼ੀ ਨਾਲੋਂ ਹਜ਼ਾਰਾਂ ਸੋਗਾਂ ਨੂੰ ਬਹੁਤਾ ਪਸੰਦ ਕਰੋ ਅਤੇ ਇਸ ਜੀਵਨ ਤੋਂ ਮੌਤ ਨੂੰ ਚੰਗਾ ਜਾਣੋ ।

21

ਹੇ ਚਲਚੀ ਫਿਰਦੀ ਮਿੱਟੀ

ਮੈਂ ਤੇਰੇ ਨਾਲ ਮਿਲਾਪ ਲੋਚਦਾ ਹਾਂ ਪਰ ਤੂੰ ਮੇਰੇ ਵਿੱਚ ਵਿਸ਼ਵਾਸ ਨਹੀਂ ਰੱਖਣਾ ਚਾਹੁੰਦਾ ਤੇਰੀ ਅਵੱਗਿਆ ਦੀ ਤਲਵਾਰ ਨੇ ਤੇਰੀ ਆਸ਼ਾ ਦੇ ਰੁੱਖ ਨੂੰ ਵੱਢ ਸੁੱਟਿਆ ਹੈ । ਮੈਂ ਹਰ ਸਮੇਂ ਤੇਰੇ ਨੇੜੇ ਹਾਂ ਪਰ ਤੂੰ ਹਮੇਸ਼ਾਂ ਮੈਥੋਂ ਦੂਰ ਹੈਂ । ਮੈਂ ਤੇਰੇ ਲਈ ਅਮਿੱਟ ਬਿਬਾ ਚਣੀ ਹੈ ਪਰ ਤੂੰ ਆਪਣੀ ਮਾਤਰ ਅਸੀਮ ਕਲੰਕ ਪਸੰਦ ਕੀਤਾ ਹੈ । ਅਜੇ ਵੀ ਸਮਾਂ ਹੈ, ਪਰਤ ਆ ਅਤੇ ਆਪਣੇ ਮੋਕੇ ਤੇ ਨਾ ਖੁੰਝ ।

60

22

ਹੇ ਕਾਮਨਾ ਦੇ ਪੁੱਤਰ

ਵਿਦਵਾਨਾਂਅ ਤੇ ਬੁੱਧੀਮਾਨਾਂ ਨੇ ਸਾਲਾਂ ਸਾਲ ਘਾਲਾਂ ਘਾਲੀਆਂ ਪਰ ਪੂਰਨ ਪ੍ਰਤਾਪਵਾਨ ਪ੍ਰਭੂ ਦੇ ਦਰਸ਼ਨ ਪਾਉਣ ਵਿੱਚ ਅਸਫਲ ਰਹੇ। ਉਹਨਾਂ ਉਸ ਦੀ ਭਾਲ ਵਿੱਚ ਉਮਰਾਂ ਗਾਲ ਦਿੱਤੀਆਂ ਪਰ ਤਾਂ ਭੀ ਉਸਦੇ ਮੁਖੜੇ ਦੀ ਸੁੰਦਰਤਾ ਦੇਖ ਨਾ ਸੱਕੇ। ਤੂੰ ਬਿਨਾ ਕਿਸੇ ਜਤਨ ਦੇ ਆਪਣੀ ਮੰਜ਼ਿਲ ਤੇ ਪੁੱਜ ਗਿਓਂ ਅਤੇ ਖੋਜੇ ਬਗੈਰ ਹੀ ਖੋਜ ਦਾ ਮਨੋਰਥ ਪਾ ਗਿਓਂ। ਫਿਰ ਭੀ ਤੂੰ ਹਉਮੈਂ ਦੇ ਪਰਦੇ ਹੇਠ ਇੰਨਾ ਢੱਕਿਆ ਰਿਹੈਂ ਕਿ ਤੇਰੀਆਂ ਅੱਖੀਆਂ ਪ੍ਰੀਤਮ ਦਾ ਰੂਪ ਨਾ ਦੇਖ ਸਕੀਆਂ ਨਾ ਤੇਰਾ ਹੱਥ ਉਸਦੇ ਵਸਤਰ ਦਾ ਪੱਲਾ ਛੂਹ ਸਕਿਆ। ਅੱਖੀਆਂ ਵਾਲਿਓ, ਦੇਖੋ ਅਤੇ ਹੈਰਾਨ ਹੋਵੋ।

61

23

ਹੇ ਪ੍ਰੇਮ ਨਗਰ ਦੇ ਵਾਸੀਓ

ਨਾਸ਼ ਦੇ ਬੁੱਲਿਆਂ ਨੇ ਅਨੰਤ ਜੋੜ ਨੂੰ ਘਰੇ ਲਿਆ ਹੈ ਅਤੇ ਅਰਸ਼ੀ ਸੋਹਣੇ ਦੇ ਰੂਪ ਨੂੰ ਖਾਕ ਦੇ ਹਨ੍ਹੇਰੇ ਨੇ ਢਕ ਲਿਆ ਹੈ। ਪਿਆਰ ਦੇ ਰਾਜਿਆਂ ਦੇ ਮੁੱਖੀ ਨੂੰ ਜਾਲਮ ਪਰਜਾ ਸਤਾ ਰਹੀ ਹੈ ਅਤੇ ਪਵਿੱਤਰਤਾ ਦੀ ਘੁੱਗੀ ਉੱਲੂਆਂ ਦੇ ਪੰਜਿਆਂ ਵਿੱਚ ਕੈਦ ਹੈ। ਤੇਜ ਦੇ ਮੰਡਪ ਦੇ ਵਸਨੀਕਾਂ ਅਤੇ ਅਕਾਸ਼ੀ ਹਸਤੀਆਂ ਦਾ ਸਮੂਹ ਰੋਂਦਾ ਕੁਰਲਾਂਦਾ ਹੈ ਪਰ ਤੁਸੀਂ ਅਣਗਹਿਲੀ ਦੇ ਰਾਜ ਵਿੱਚ ਵਿਸ਼੍ਰਾਮ ਕਰ ਰਹੇ ਹੋ ਅਤੇ ਆਪਣੇ ਆਪ ਨੂੰ ਸੱਚੇ ਮਿੱਤਰ ਸਮਝਦੇ ਹੋ। ਤੁਹਾਡੇ ਖਿਆਲ ਕਿੰਨੇ ਥੋਥੇ ਹਨ।

62

24

ਹੇ ਬੁੱਧੀਮਾਨ ਕਹਾਉਣ ਵਾਲੇ ਮੂਰਖੋ

ਤੁਸਾਂ ਅਯਾਲੀਆਂ ਦਾ ਭੇਸ ਕਿਉਂ ਬਣਾ ਰੱਖਿਆ ਹੈ ਜਦੋਂ ਕਿ ਅੰਦਰੋਂ ਤੁਸੀਂ ਬਘਿਆੜ ਬਣ ਗਏ ਹੋ ਅਤੇ ਮੇਰੇ ਇੱਜੜ ਤੇ ਘਾਤ ਲਾਈ ਬੈਠੇ ਹੋ ? ਤੁਸੀਂ ਉਸ ਤਾਰੇ ਵਾਂਗ ਹੋ ਜਿਹੜਾ ਪ੍ਰਭਾਤ ਤੋਂ ਪਹਿਲਾਂ ਨਿਕਲਦਾ ਹੈ ਅਤੇ ਜਿਹੜਾ—ਭਾਵੇਂ ਰੌਸ਼ਨ ਭੀ ਹੈ ਅਤੇ ਚਮਕਦਾਰ ਭੀ—ਮੇਰੇ ਸ਼ਹਿਰ ਦੇ ਪਾਂਧੀਆਂ ਨੂੰ ਭਟਕਾ ਕੇ ਨਾਸ਼ ਦੇ ਰਾਹ ਪਾ ਦੇਂਦਾ ਹੈ।

25

ਹੇ ਬਾਹਰੋਂ ਸ਼ਿਕਾਰਿਓ ਅਤੇ ਅੰਦਰੋਂ ਗੰਦਿਓ

ਤੁਸੀਂ ਉਸ ਸਾਫ ਪਰੰਤੂ ਕੌੜੇ ਪਾਣੀ ਵਾਂਙ ਹੋ ਜਿਹੜਾ ਬਾਹਰੋਂ ਦੇਖਣ ਨੂੰ ਤਾਂ ਬਲੌਰ ਵਾਂਙ ਸੁੱਚਾ ਹੈ ਪਰੰਤੂ ਜਦੋਂ ਰੱਬੀ ਪਾਰਖੀ ਉਸਨੂੰ ਪਰਖਦਾ ਹੈ ਤਾਂ ਉਸ ਦੀ ਇਕ ਬੂੰਦ ਭੀ ਕਬੂਲੀ ਨਹੀਂ ਜਾਂਦੀ। ਠੀਕ ਹੈ, ਸੂਰਜ ਦੀ ਰਿਸ਼ਮ ਤਾਂ ਮਿੱਟੀ ਅਤੇ ਗੰਦੇ ਚੌਹਾਂ ਤੇ ਇੱਕ ਸਾਰ ਹੀ ਪੈਂਦੀ ਹੈ ਪਰੰਤੂ ਅਕਾਸ਼ ਪਾਉਣ ਵੱਲੋਂ ਉਹਨਾਂ ਵਿੱਚ ਉਨਾ ਹੀ ਅੰਤਰ ਹੈ ਜਿੰਨਾ ਧਰਤੀ ਅਤੇ ਤਾਰੇ ਵਿੱਚ, ਬਲਕਿ ਅੰਤਰ ਤਾਂ ਮਿਣਤੀਓਂ ਹੀ ਬਾਹਰ ਹੈ।

63

26

ਹੇ ਮੇਰੇ ਮੂੰਹ ਦੇ ਮਿੱਤਰ

ਜ਼ਰਾ ਗਰੁ ਕਰ। ਤੂੰ ਕਦੇ ਸੁਣਿਆ ਹੈ ਕਿ ਮਿੱਤਰ ਅਤੇ ਵੈਰੀ ਇੱਕ ਦਿਲ ਵਿੱਚ ਰਹਿਣ ? ਤਾਂ ਫਿਰ ਖੁਰਾਏ ਨੂੰ ਕੱਢ ਦੇ, ਤਾਂ ਜੋ ਮਿੱਤਰ ਆਪਣੇ ਘਰ ਆ ਵੜੇ।

27

ਹੇ ਮਿੱਟੀ ਦੇ ਪੁੱਤਰ

ਧਰਤੀ ਅਤੇ ਆਕਾਸ਼ ਵਿੱਚ ਜੋ ਕੁਝ ਭੀ ਹੈ, ਮੈਂ ਉਹ ਸਾਰਾ ਤੈਨੂੰ ਦੇਣ ਲਈ ਰੱਖਿਆ ਹੈ ਸਿਵਾ ਮਨੁੱਖੀ ਦਿਲ ਦੇ ਜਿਸ ਨੂੰ ਮੈਂ ਆਪਣੇ ਰੂਪ ਅਤੇ ਤੇਜ ਦਾ ਵਾਸਾ ਬਣਾਇਆ ਹੈ। ਤਾਂ ਭੀ ਤੂੰ ਮੇਰਾ ਘਰ ਅਤੇ ਨਿਵਾਸ ਮੈਨੂੰ ਛੱਡ ਕਿਸੇ ਹੋਰ ਨੂੰ ਦੇ ਦਿੱਤਾ, ਅਤੇ ਜਦੋਂ ਭੀ ਮੇਰੀ ਪਵਿੱਤਰਤਾ ਦੇ ਜ਼ਹੂਰ ਨੇ ਆਪਣੇ ਟਿਕਾਣੇ ਜਾਣਾ ਚਾਹਿਆ ਉਸ ਨੂੰ ਉੱਥੇ ਇਕ ਅਜਨਬੀ ਮਿਲਿਆ, ਅਤੇ ਉਹ ਬੇਘਰਾ ਹੱਕੇ ਛੋਤੀ ਨਾਲ ਪ੍ਰੀਤਮ ਦੇ ਮੰਦਰ ਨੂੰ ਪਰਤ ਆਇਆ। ਫਿਰ ਭੀ ਮੈਂ ਤੇਰਾ ਭੇਤ ਛੁਪਾ ਰੱਖਿਆ ਹੈ ਅਤੇ ਤੇਰੀ ਸ਼ਰਮਿੰਦਗੀ ਨਹੀਂ ਚਾਹੀ।

64

28

ਹੇ ਕਾਮਨਾ ਦੇ ਫੱਤ

ਕਈਆਂ ਪ੍ਰਜਾਤਾਂ ਨੂੰ ਮੈਂ ਲਾਮਕਾਨ ਦੇ ਰਾਜ ਤੋਂ ਭੇਰੇ ਮਕਾਨ ਵੱਲ ਮੁਸ਼ਿਆ ਅਤੇ ਤੈਨੂੰ ਆਰਾਮ ਦੇ ਬਿਸਤਰੇ ਵਿੱਚ ਮੈਂ ਨੂੰ ਛੱਡ ਕਿਸੇ ਹੋਰ ਨਾਲ ਰੁੱਝਿਆ ਪਾਇਆ। ਇਹ ਦੇਖਕੇ ਮੈਂ ਆਤਮਾ ਦੇ ਝਲਕਾਰੇ ਵਾਂਗ ਅਕਾਸ਼ੀ ਤੇਜ ਦੇ ਰਾਜ ਵੱਲ ਧਰਤ ਗਿਆ ਅਤੇ ਆਪਣੇ ਉੱਚੇ ਵਾਸਿਆਂ ਵਿੱਚ ਪਵਿੱਤਰਤਾ ਦੇ ਲਸਕਰਾਂ ਕੋਲ ਇਸ ਗੱਲ ਦੀ ਧੂੰ ਨਾ ਕੱਢੀ।

65

29

ਹੇ ਬਖਸ਼ਿਸ਼ ਦੇ ਪੁੱਤਰ

ਨੇਸਤੀ ਦੇ ਮਰੁਥਲਾਂ 'ਚੋਂ ਮੈਂ ਤੈਨੂੰ ਆਪਣੇ ਆਦੇਸ਼ ਦੀ ਮਿੱਠੀ ਨਾਲ ਪ੍ਰਗਟ ਕੀਤਾ ਅਤੇ ਹਰ ਇੱਕ ਵਿੱਦਵਾਨ ਪਰਮਾਣੂ ਅਤੇ ਸਿਰਜੇ ਹੋਏ ਸਾਰੇ ਪਦਾਰਥਾਂ ਦੇ ਫੱਤ ਨੂੰ ਤੈਨੂੰ ਸਿਖਲਾਈ ਦੇਣ ਵਿੱਚ ਲਗਾ ਦਿੱਤਾ। ਇਸ ਤਰ੍ਹਾਂ ਤੇਰੇ ਆਪਣੀ ਮਾਂ ਦੀ ਕੁੱਖ ਤੋਂ ਬਾਹਰ ਆਉਣ ਤੋਂ ਪਹਿਲਾਂ ਹੀ ਤੇਰੇ ਲਈ ਲਿਸ਼ਕਦੇ ਨੇਂਹ ਦੇ ਦੋ ਚਸ਼ਮੇ, ਤੇਰੇ ਭੋ ਨਿਰਾਹ ਰੱਖਣ ਲਈ ਅੱਖਾਂ ਅਤੇ ਤੈਨੂੰ ਪਿਆਰ ਕਰਨ ਲਈ ਦਿਲ ਨਿਯਤ ਕਰ ਦਿੱਤੇ। ਆਪਣੀ ਪਿਆਰ ਭਰੀ ਮਿਹਰ ਨਾਲ ਮੈਂ ਤੈਨੂੰ ਆਪਣੀ ਕਰੁਣਾ ਦੀ ਛਾਂ ਹੇਠ ਪਾਲਿਆ ਅਤੇ ਆਪਣੀ ਦਇਆ ਅਤੇ ਕਿਰਪਾ ਦੇ ਫੱਤ ਨਾਲ ਤੇਰੀ ਰੱਖਿਆ ਕੀਤੀ ਅਤੇ ਇਹ ਸਭ ਕਰਨ ਵਿੱਚ ਮੇਰਾ ਮਨੋਰਥ ਇਹ ਸੀ ਕਿ ਤੂੰ ਮੇਰੇ ਸਦੀਵੀ ਰਾਜ ਤੀਕ ਪੁੱਜ ਜਾਵੇਂ ਅਤੇ ਮੇਰੀਆਂ ਅਣਡਿੱਠ ਦਾਤਾ ਦੇ ਯੋਗ ਹੋ ਜਾਵੇਂ। ਤਾਂ ਭੀ ਤੂੰ ਬੇਧਿਆਨ ਹੋਇਆ ਰਿਹੋਂ ਅਤੇ ਜਦੋਂ ਪੂਰੀ ਤਰ੍ਹਾਂ ਸਿਆਣਾ ਹੋ ਕਿਉਂ ਤਾਂ ਮੇਰੀਆਂ ਸਾਰੀਆਂ ਨਿਆਮਤਾਂ ਵੱਲੋਂ ਕੋਤਾਹੀ ਕਰਕੇ ਆਪਣੀਆਂ ਬੇਅਰਥ ਕਲਨਾਵਾਂ ਵਿੱਚ ਰੁਝ ਗਿਉਂ, ਇਥੋਂ ਤੀਕ ਕਿ ਤੂੰ ਉੱਕਾ ਹੀ ਭੁੱਲ ਗਿਉਂ ਅਤੇ ਮਿੱਤਰ ਦੇ ਦਰ ਤੋਂ ਮੂੰਹ ਮੋੜ ਕੇ ਮੇਰੇ ਦੁਸ਼ਮਣ ਦਾ ਵਿਹੜਾ ਜਾ ਮੱਲਿਆ।

30

ਹੇ ਦੁਨੀਆਂ ਦੇ ਗ਼ੁਲਾਮ

ਕਈ ਪ੍ਰਭਾਤਾਂ ਨੂੰ ਮੇਰੀ ਕਿਰਧਾ ਦੀ ਹਵਾ ਤੇਰੇ ਤੇ ਚੁਮਕੀ ਅਤੇ ਤੈਨੂੰ ਅਣਗਹਿਲੀ ਦੇ ਬਿਸਤਰੇ ਤੇ ਘੂਕ ਸੁੱਤਾ ਪਿਆ ਦੇਖਿਆ । ਤਦੋਂ ਉਹ ਤੇਰੀ ਦੁਰਦਸਾ ਤੇ ਵਿਰਲਾਪ ਕਰਦੀ ਹੋਈ ਜਿੱਥੋਂ ਆਈ ਸੀ, ਉੱਥੇ ਨੂੰ ਪਰਤ ਗਈ ।

31

ਹੇ ਧਰਤੀ ਦੇ ਪੁੱਤਰ

ਜੇ ਮੈਨੂੰ ਚਾਹੁੰਦਾ ਹੈਂ ਤਾਂ ਮੇਰੇ ਸਿਵਾ ਕਿਸੇ ਨੂੰ ਨਾ ਚਾਹ, ਅਤੇ ਜੇ ਮੇਰੇ ਰੂਪ ਨੂੰ ਦੇਖਣਾ ਚਾਹੁੰਦਾ ਹੈਂ ਤਾਂ ਦੁਨੀਆਂ ਅਤੇ ਦੁਨੀਆਂ ਦੇ ਸਾਰੇ ਪਦਾਰਥਾਂ ਵੱਲੋਂ ਅੱਖੀਆਂ ਮੀਚ ਲੈ, ਕਿਉਂ ਜੋ ਮੇਰੀ ਰਜ਼ਾ ਅਤੇ ਕਿਸੇ ਹੋਰ ਦੀ ਮਰਜ਼ੀ ਅੱਗ ਅਤੇ ਪਾਣੀ ਵਾਂਗ ਇਕ ਦਿਲ ਵਿੱਚ ਇਕੱਠੀਆਂ ਨਹੀਂ ਰਹਿ ਸਕਦੀਆਂ ।

32

ਹੇ ਆਪਣਿਆਂ ਤੋਂ ਪਰਾਇਆ ਹੋਣ ਵਾਲੇ

ਤੇਰੇ ਦਿਲ ਦਾ ਦੀਵਾ ਮੇਰੀ ਕੁਦਰਤ ਦੇ ਹੱਥ ਨੇ ਬਾਲਿਆ ਹੈ, ਹਉਮੈਂ ਅਤੇ ਲਾਲਸਾ ਦੀ ਵਿਰੋਧੀ ਹਵਾ ਨਾਲ ਇਸ ਨੂੰ ਬੁਝਾਵੀਂ ਨਾ । ਤੇਰੇ ਸਾਰੇ ਰੋਗਾਂ ਦਾ ਵੈਦ ਹੈ ਮੇਰਾ ਸਿਮਰਨ, ਇਸ ਨੂੰ ਭੁੱਲੀਂ ਨਾ । ਮੇਰੇ ਪਿਆਰ ਨੂੰ ਆਪਣੀ ਦੌਲਤ ਬਣਾਈਂ ਅਤੇ ਇਸ ਨੂੰ ਆਪਣੀ ਅੱਖੀਆਂ ਦੀ ਜੋਤ ਅਤੇ ਆਪਣੇ ਜੀਵਨ ਵਾਂਙ ਪਿਆਰਾ ਜਾਣੀਂ ।

33

ਹੇ ਮੇਰੇ ਵੀਰ

ਮੇਹੀ ਸ਼ਹਿਦ ਜਿੱਹੀ ਮਿੱਠੀ ਜ਼ਬਾਨ 'ਚੋਂ ਨਿਕਲਦੇ ਆਨੰਦਦਾਇਕ ਵਾਕਾਂ ਨੂੰ ਸੁਣ ਅਤੇ ਮੇਰੇ ਖੰਡ ਕੇਰਦੇ ਬੁੱਲ੍ਹਾਂ 'ਚੋਂ ਵਗਦੀ ਰਹੱਸਮਈ ਪਵਿੱਤਰਤਾ ਦੀ ਨਦੀ 'ਚੋਂ ਘੁੱਟ ਭਰ । ਆਪਣੇ ਦਿਲ ਦੀ ਸੁੱਚੀ ਭੋਂ ਵਿੱਚ ਮੇਰੀ ਰੱਬੀ ਸਿਆਣਪ ਦੇ ਬੀ ਬੀਜ ਅਤੇ ਉਹਨਾਂ ਨੂੰ ਵਿਸ਼ਵਾਸ਼ ਦੇ ਪਾਣੀ ਨਾਲ ਸਿੰਜ ਤਾਂ ਜੋ ਤੇਰੇ ਦਿਲ ਦੀ ਪਵਿੱਤਰ ਨਗਰੀ ਵਿੱਚ ਮੇਰੇ ਗਿਆਨ ਅਤੇ ਸਿਆਣਪ ਦੇ ਤਾਜ਼ੇ ਅਤੇ ਲਹਿਕਦੇ ਫੁੱਲ ਉੱਗ ਪੈਣ ।

34

ਹੇ ਮੇਰੇ ਸੁਰਗ ਦੇ ਵਸਨੀਕੋ

ਪਿਆਰ ਭਰੀ ਮਿਹਰ ਦੇ ਹੱਥਾਂ ਨਾਲ ਮੈਂ ਸੁਰਗ ਦੇ ਪਵਿੱਤਰ ਬਾਗ ਵਿੱਚ ਤੁਹਾਡੇ ਪਿਆਰ ਅਤੇ ਦੋਸਤੀ ਦਾ ਬੂਟਾ ਲਾਇਆ ਹੈ ਅਤੇ ਉਸ ਨੂੰ ਆਪਣੀ ਸਨੇਹ ਮਈ ਕਿਰਪਾ ਦੀ ਖੁੱਲੀ, ਵਰਖਾ ਨਾਲ ਸਿੰਜਿਆ ਹੈ। ਹੁਣ ਜਦੋਂ ਕਿ ਉਸ ਦੇ ਫਲ ਦੇਣ ਦਾ ਸਮਾਂ ਆਇਆ ਹੈ ਜਤਨ ਕਰੋ ਕਿ ਉਹ ਬਚਿਆ ਰਹੇ ਅਤੇ ਤ੍ਰਿਸ਼ਨਾ ਅਤੇ ਕਾਮ ਦੀ ਅੱਗ ਵਿੱਚ ਸੜ ਨਾ ਜਾਵੇ।

35

ਮੇਰੇ ਮਿੱਤਰੋ

ਪਾਪ ਦਾ ਦੀਵਾ ਬੁਝਾ ਦਿਓ ਅਤੇ ਆਪਣੇ ਦਿਲਾਂ ਵਿੱਚ ਰੱਬੀ ਹਦਾਇਤ ਦੀ ਸਦੀਵੀ ਮਸ਼ਾਲ ਜਗਾ ਲਓ। ਕਿਉਂਜੋ ਛੇਤੀ ਹੀ ਮਨੁੱਖਤਾ ਦੇ ਪਾਰਖੀ ਪਰਮ ਪੂਜਨੀਕ ਦੀ ਹਜ਼ੂਰੀ ਵਿੱਚ ਖਾਲਿਸ ਨੇਕੀ ਅਤੇ ਬੇਦਾਗ਼ ਪਵਿੱਤਰਤਾ ਦੇ ਕੰਮਾਂ ਤੋਂ ਸਿਵਾ ਕੁਝ ਨਹੀਂ ਕਬੂਲਣਗੇ।

36

ਹੇ ਵਾਕ ਦੇ ਪੁੱਤਰੋ

ਇਹ ਪਤ੍ਰਿਕਾ ਦੀ ਪਹਿਲੀ ਸਤਰ ਵਿੱਚ ਲਿਖਿਆ ਅਤੇ ਦਰਜ ਕੀਤਾ ਗਿਆ ਹੈ ਅਤੇ ਪ੍ਰਭੂ ਦੇ ਮੰਦਰ ਰੂਪੀ ਪਵਿੱਤਰ ਸ਼ਰਨ ਸਥਾਨ ਵਿੱਚ ਛੁਪਾ ਕੇ ਰੱਖਿਆ ਗਿਆ ਹੈ :

ਸਿਆਣੇ ਉਹ ਹਨ ਜਿਹੜੇ ਤਦੋਂ ਠੀਕ ਨਹੀਂ ਬੋਲਦੇ ਜਦੋਂ ਠੀਕ ਸੁਣਵਾਈ ਨਾ ਹੋਵੇ ਉਸ ਤਰ੍ਹਾਂ ਜਿਵੇਂ ਸਾਕੀ ਨੂੰ ਜਦੋਂ ਠੀਕ ਚਾਹਵਾਨ ਨਾ ਲੱਭੇ ਉਹ ਜਾਮ ਪੇਸ਼ ਨਹੀਂ ਕਰਦਾ ਅਤੇ ਪ੍ਰੇਮੀ ਜਦੋਂ ਠੀਕ ਪ੍ਰੀਤਮ ਦੇ ਰੂਪ ਦੀ ਝਾਤ ਨਾ ਪਾ ਲਵੇ ਦਿਲ ਦੀ ਗਹਿਰਾਈ ਭੋਂ ਨਹੀਂ ਰੋਂਦਾ। ਇਸ ਲਈ ਦਿਲ ਦੀ ਨਿਰਮਲ ਭੋਂ ਵਿੱਚ ਸਿਆਣਪ ਅਤੇ ਗਿਆਨ ਦੇ ਬੀ ਬੀਜ ਅਤੇ ਜਚੋਂ ਠੀਕ ਰੱਬੀ ਸਿਆਣਪ ਦੇ ਫੁੱਲ ਦਿਲ ਵਿੱਚੋਂ—ਗਾਰੇ ਮਿੱਟੀ ਵਿੱਚ ਨਹੀਂ—ਨਾ ਉੱਗ ਪੈਣ, ਉਹਨਾਂ ਨੂੰ ਲੁਕਿਆ ਰਹਿਣ ਦੇ।

70

87

ਹੇ ਮੇਰੇ ਬੰਦੇ

ਨਾਸ਼ਵਾਨ ਲਈ ਅਨੰਤ ਰਾਜ ਨੂੰ ਧੱਕਾ ਨਾ ਦੇਹ ਅਤੇ ਸੰਸਾਰੀ ਕਾਮਨਾ ਦੀ ਖ਼ਾਤਰ ਸੁਰਗੀ ਸੱਤਾ ਨੂੰ ਪਰੇ ਨਾ ਕਰ। ਇਹ ਸਦੀਵੀ ਜੀਵਨ ਦਾ ਪ੍ਰਵਾਹ ਹੈ ਜਿਹੜਾ ਕ੍ਰਿਪਾਲੂ ਦੀ ਕਲਮ ਰੂਪੀ ਸੋਮੇ ਤੋਂ ਵਗਿਆ ਹੈ। ਜਿਹੜੇ ਇਸ ਦਾ ਪਾਣੀ ਪੀਂਦੇ ਹਨ, ਉਹਨਾਂ ਦਾ ਕਲਿਆਣ ਹੀ ਕਲਿਆਣ ਹੈ।

38

ਹੇ ਆਤਮਾ ਦੇ ਪੁੱਤਰ

ਆਪਣਾ ਪਿੰਜਰਾ ਤੋੜ ਦੇ ਅਤੇ ਪ੍ਰੇਮ ਦੇ ਅਗੰਮੀ ਪੰਛੀ ਵਾਂਗ ਪਵਿੱਤਰਤਾ ਦੇ ਆਕਾਸ਼ ਵਿੱਚ ਉਡਾਰੀ ਮਾਰ ਕੇ। ਹਉਮੈ ਛੱਡ ਦੇ ਅਤੇ ਆਪਣੇ ਅੰਦਰ ਕਰੁਣਾ ਦਾ ਤੱਤ ਭਰ ਕੇ ਆਕਾਸ਼ੀ ਪਵਿੱਤਰਤਾ ਦੇ ਰਾਜ ਵਿੱਚ ਟਿਕਾਣਾ ਕਰ ਲੈ।

71

39

ਹੇ ਮਿੱਟੀ ਦੀ ਸੰਤਾਨ

ਲੰਘ ਰਹੇ ਦਿਨ ਦੇ ਆਰਾਮ ਨਾਲ ਭ੍ਰਿਪਤ ਨਾ ਹੋਈਂ ਅਤੇ ਆਪਣੇ ਆਪ ਨੂੰ ਸਦੀਵੀ ਸੁਖ ਤੋਂ ਵਾਂਝਿਆਂ ਨਾ ਰੱਖੀਂ। ਸਥਾਈ ਆਨੰਦ ਦੇ ਬਾਗ਼ ਦਾ ਨਾਸ਼ਵਾਨ ਸੰਸਾਰ ਰੂਪੀ ਕੂੜੇ ਦੇ ਢੇਰ ਨਾਲ ਵਟਾਦਰਾ ਨਾ ਕਰ ਲਈਂ। ਆਪਣੇ ਕੈਦਖ਼ਾਨੇ ਤੋਂ ਉੱਪਰ ਆਕਾਸ਼ ਦੀਆਂ ਸ਼ੋਭਾਵਾਨ ਜੂਹਾਂ ਵੱਲ ਉਚੇਰਾ ਉੱਠ ਅਤੇ ਆਪਣੇ ਨਾਸ਼ਵਾਨ ਪਿੰਜਰੇ ਤੋਂ ਨਿਕਲ ਕੇ ਲਾਮਕਾਨ ਦੇ ਅਰਸ਼ ਵੱਲ ਉਡਾਰੀ ਮਾਰ।

40

ਹੇ ਮੇਰੇ ਬੰਦੇ

ਇਸ ਸੰਸਾਰ ਦੀਆਂ ਬੇੜੀਆਂ ਤੋਂ ਆਪਣੇ ਆਪ ਨੂੰ ਆਜ਼ਾਦ ਕਰ ਲੈ ਅਤੇ ਆਪਣੀ ਆਤਮਾ ਨੂੰ ਹਉਮੈ ਦੀ ਕੈਦ ਤੋਂ ਛੁਡਾ ਲੈ। ਮੌਕੇ ਤੋਂ ਲਾਹਾ ਖੱਟ, ਇਹ ਫਿਰ ਨਹੀਂ ਆਵੇਗਾ।

72

41

ਹੇ ਮੋਹੀ ਗੱਲੀ ਦੇ ਪੁੱਤਰ

ਜੇ ਤੂੰ ਅਸਲ ਸੱਤਾ ਨੂੰ ਦੇਖ ਲਵੇਂ ਤਾਂ ਇਸ ਛਿਣ ਭੰਗੁਰ ਸੰਸਾਰ ਨੂੰ ਛੱਡ ਜਾਣ ਦਾ ਜਤਨ ਕਰੇਂ। ਪਰੰਤੂ ਇਕ ਨੂੰ ਛੁਪਾ ਰੱਖਣਾ ਅਤੇ ਦੂਸਰੇ ਨੂੰ ਪ੍ਰਗਟ ਕਰ ਦੇਣਾ ਅਜਿਹਾ ਭੇਤ ਹੈ ਜਿਸ ਨੂੰ ਨਿਰਮਲ ਹਿਰਦੇ ਵਾਲੇ ਹੀ ਸਮਝ ਸਕਦੇ ਹਨ।

42

ਹੇ ਮੋਰੋ ਬੰਦੇ

ਆਪਣੇ ਹਿਰਦੇ ਨੂੰ ਮੰਦ ਭਾਵਨਾ ਤੋਂ ਪਵਿੱਤਰ ਕਰ ਲੈ ਅਤੇ ਈਰਖਾ ਤੋਂ ਨਿਰਮਲ ਹੋਕੇ ਪਵਿੱਤਰਤਾ ਦੇ ਚੀਨੀ ਦੀ ਦੁਕਾਨ ਵਿੱਚ ਪ੍ਰਵੇਸ਼ ਕਰ।

73

43

ਹੇ ਮੇਰੇ ਮਿੱਤਰੋ

ਮਿੱਤਰ ਦੀ ਰਜ਼ਾ ਦੇ ਰਾਹ ਤੇ ਚੱਲੋ ਅਤੇ ਇਹ ਸਮਝ ਲਓ ਕਿ ਉਸਦੀ ਰਜ਼ਾ ਉਸਦੇ ਜੀਆਂ ਦੇ ਸੁਖ ਵਿੱਚ ਹੈ। ਭਾਵ ਇਹ ਕਿ ਕੋਈ ਆਪਣੇ ਮਿੱਤਰ ਦੀ ਰਜ਼ਾ ਬਿਨਾ ਉਸਦੇ ਘਰ ਨਾ ਵੜੇ, ਨਾ ਉਸਦੇ ਮਾਲ ਨੂੰ ਮੱਲ ਮਾਰੇ, ਨਾ ਆਪਣੀ ਮਰਜ਼ੀ ਨੂੰ ਮਿੱਤਰ ਦੀ ਮਰਜ਼ੀ ਤੋਂ ਚੰਗਾ ਸਮਝੇ ਅਤੇ ਕਿਸੇ ਤਰ੍ਹਾਂ ਭੀ ਉਸਥੀਂ ਅਗਾਂਹ ਲੰਘਣਾ ਨਾ ਚਾਹੇ। ਡੂੰਘੀ ਨਜ਼ਰ ਵਾਲਿਓ, ਇਸ ਗੱਲ ਤੇ ਗਹੁ ਕਰੋ।

44

ਹੇ ਮੇਰੇ ਅਰਸ਼ੀ ਬੇਲੀ

ਬੁਰਾਈ ਨਾ ਸੁਣ ਅਤੇ ਬੁਰਾਈ ਨਾ ਦੇਖ, ਆਪਣੇ ਆਪ ਨੂੰ ਹੀਣਾ ਨਾ ਕਰ ਨਾ ਹਉਕੇ ਲੈ ਅਤੇ ਨਾ ਰੋ। ਬੁਰਾਈ ਦੀ ਗੱਲ ਨਾ ਕਰ ਤਾਂ ਜੋ ਤੈਨੂੰ ਕਿਸੇ ਤੋਂ ਬੁਰਾਈ ਨਾ ਸੁਣਨੀ ਪਵੇ, ਅਤੇ ਹੋਰਨਾਂ ਦੇ ਚੰਗਿਆਂ ਨੂੰ ਵਧਾ ਕੇ ਨਾ ਦੱਸ ਤਾਂ ਜੋ ਤੇਰੇ ਆਪਣੇ ਦੋਸ਼ ਵੱਡੇ ਨਾ ਦਿੱਸਣ। ਕਿਸੇ ਦੀ ਹੇਠੀ ਨਾ ਚਾਹ ਤਾਂ ਜੋ ਤੇਰੀ ਆਪਣੀ ਹੇਠੀ ਪ੍ਰਗਟ ਨਾ ਹੋਵੇ। ਇੱਕ ਪਲ ਤੋਂ ਭੀ ਘੱਟ ਸਬਾਈ ਇਸ ਜੀਵਨ ਦੇ ਦਿਨ ਇਉਂ ਕੱਟ ਕਿ ਮਨ ਬੇਅੈਬ ਹੋਵੇ ਅਤੇ ਦਿਲ ਬੇਦਾਗ, ਤੇਰੇ ਵਿਚਾਰ ਪਵਿੱਤਰ ਹੋਣ ਅਤੇ ਤੇਰਾ ਸੁਭਾ ਸ਼ੁੱਧ, ਤਾਂ ਜੋ ਮੁਕਤ ਅਤੇ ਨਿਰਪਤ ਹੋਕੇ ਤੂੰ ਇਸ ਨਾਸ਼ਵਾਨ ਸ਼ਰੀਰ ਨੂੰ ਛੱਡ ਜਾਵੇਂ, ਰਹੱਸ ਮਈ ਸੁਰਗ ਨੂੰ ਚਲਾ ਜਾਵੇਂ ਅਤੇ ਸਦੀਵੀ ਰਾਜ ਵਿਚ ਸਦਾ ਸਦਾ ਲਈ ਟਿਕਾਣਾ ਕਰ ਲਵੇਂ।

45

ਹਾਏ ਹਾਏ ! ਹੇ ਸੰਸਾਰਕ ਵਿੱਛੋਵਾਂ ਦੇ ਪ੍ਰੇਮੀਓ

ਬਿਜਲੀ ਦੀ ਭੋਜੀ ਨਾਲ ਤੁਸੀਂ ਪ੍ਰੀਤਮ ਦੇ ਕੋਲ ਦੀ ਲੰਘ ਗਏ ਅਤੇ ਬੇਤਾਲੇ ਖਿਆਲਾਂ ਨਾਲ ਦਿਲ ਲਾ ਲਿਆ। ਤੁਸੀਂ ਬੇਅਰਥ ਕਲਪਨਾਵਾਂ ਅੱਗੇ ਗੋਡੇ ਟੇਕ ਦਿੰਦੇ ਹੋ ਅਤੇ ਉਸਨੂੰ ਸਚਾਈ ਆਖਦੇ ਹੋ। ਤੁਸੀਂ ਕੰਡੇ ਵੱਲ ਤੱਕਣ ਲਗ ਜਾਂਦੇ ਹੋ ਅਤੇ ਉਸਦਾ ਨਾਂ ਫੁੱਲ ਰੱਖ ਦਿੰਦੇ ਹੋ। ਤੁਸਾਂ ਇੱਕ ਭੀ ਪਵਿੱਤਰ ਸਾਹ ਨਹੀਂ ਲਿਆ, ਨਾ ਤੁਹਾਡੇ ਦਿਲਾ ਦੀਆਂ ਜੂਹਾਂ ਚੋਂ ਨਿਰਲੇਪਤਾ ਦੀ ਹਵਾ ਗੁਮਾਨੀ ਹੈ। ਪ੍ਰੀਤਮ ਦੇ ਪਿਆਰ ਭਰੇ ਉਪਦੇਸ਼ਾਂ ਨੂੰ ਤੁਸਾਂ ਪਰੇ ਸੁੱਟ ਛੱਡਿਆ ਹੈ ਅਤੇ ਆਪਣੇ ਦਿਲਾਂ ਦੀਆਂ ਤਖ਼ਤੀਆਂ ਤੋਂ ਮਿੱਟਾ ਦਿੱਤਾ ਹੈ ਅਤੇ ਖੋਤ ਦੇ ਪਸ਼ੂਆਂ ਵਾਂਗ ਤੁਸੀਂ ਵਿੱਛਾ ਅਤੇ ਕਾਮ ਦੀਆਂ ਚਰਾਂਦਾਂ ਵਿੱਚ ਤੁਰੇ ਫਿਰਦੇ ਅਤੇ ਜੀਵਨ ਬਿਤਾਉਂਦੇ ਹੋ।

46

ਹੇ ਰਾਹ ਦੇ ਸਾਥੀ ਭਰਾਵੋ

ਤੁਸੀਂ ਕਿਉਂ ਪ੍ਰੀਤਮ ਦਾ ਨਾਂ ਲੈਣੋਂ ਕੋਰਾਹੀ ਕੀਤੀ ਹੈ ਅਤੇ ਉਸਦੀ ਪਵਿੱਤਰ ਹਜ਼ੂਰੀ ਥੋਂ ਦੂਰ ਰਹੇ ਹੋ ? ਸੁੰਦਰਤਾ ਦਾ ਤੱਤ ਅਦੁੱਤੀ ਮੰਡਪ ਵਿੱਚ ਭੇਜ ਦੇ ਸਿੰਘਾਸਣ ਤੇ ਸਥਿਤ ਹੈ ਧਰ ਤੁਸੀਂ ਵਿਹਲੇ ਝਗੜਿਆਂ ਵਿੱਚ ਰੁੱਝੇ ਹੋ। ਪਵਿੱਤਰਤਾ ਦੀਆਂ ਪਿਆਰੀਆਂ ਲਪਟਾਂ ਆ ਰਹੀਆਂ ਹਨ ਅਤੇ ਬਖ਼ਸ਼ਿਸ਼ ਦੀ ਹਵਾ ਚਲ ਰਹੀ ਹੈ ਪਰ ਤੁਸੀਂ ਡਾਢੇ ਕਸ਼ਟ ਵਿੱਚ ਹੋ ਅਰੇ ਉਹਨਾਂ ਥੀਂ ਵਾਝੇ ਬੈਠੇ ਹੋ। ਅਫ਼ਸੋਸ ਹੈ ਤੁਹਾਡੇ ਤੇ ਅਰੇ ਉਹਨਾਂ ਤੇ ਜਿਹੜੇ ਤੁਹਾਡੇ ਪੂਰਣਿਆਂ ਤੇ ਚਲਦੇ ਹਨ।

47

ਹੇ ਭ੍ਰਿਜਨਾਂ ਦੇ ਬੀਚਓ

ਝੂਠੇ ਮਾਣ ਦਾ ਵਸਤਰ ਉਤਾਰ ਸੁੱਟੋ ਅਤੇ ਅਮੰਡ ਦੀ ਪੰਸ਼ਾਕ ਲਾਹ ਦਿਓ।

48

ਅਣਡਿੱਠ ਦੀ ਕਲਮ ਨੇ ਲਾਲਾਂ ਦੀ ਭਖਦੀ ਤੇ ਧਰਜ ਕੀਤੀਆਂ ਪਰਮ ਪਵਿੱਤਰ ਸਤਰਾਂ ਦੇ ਭੀਸਰੀ ਸਤਰ ਵਿਚ ਇਹ ਲਿਖ ਦੇ ਪ੍ਰਗਟ ਕੀਤਾ ਹੈ।

ਵੀਰੋ

ਆਪਸੀ ਵਰਤਾਉ ਵਿੱਚ ਸੰਸਾਰ ਦੇ ਪਦਾਰਥਾਂ ਵੱਲੋਂ ਮਨ ਹਟਾ ਲਓ। ਵਿਜੈ ਮਿਲੇ ਤਾਂ ਹੰਕਾਰ ਨਾ ਕਰੋ ਅਤੇ ਹੋਛੀ ਹੋਵੋ ਤਾਂ ਸ਼ਰਮਿੰਦਗੀ ਨਾ ਮੰਨੋ। ਮੈਂ ਨੂੰ ਆਪਣੇ ਰੂਪ ਦੀ ਸੈਂਚ ! ਸਭ ਪਦਾਰਥ ਮੈਂ ਮਿੱਟੀ ਚੋਂ ਸਿਰਜੇ ਹਨ ਅਤੇ ਮੁੜ ਇਹਨਾਂ ਨੂੰ ਮਿੱਟੀ ਵਿੱਚ ਹੀ ਰਲਾ ਦਿਆਂ ਗਾ।

49

ਹੇ ਮਿੱਟੀ ਦੇ ਪੁੱਤਰੋ

ਗਰੀਬਾਂ ਦੇ ਅੱਧੀ ਰਾਤ ਦੇ ਹਉਕਿਆਂ ਵਾਰੇ ਦੌਲਤ ਮੰਦਾਂ ਨੂੰ ਦੱਸੋ ਲਾਪਰਵਾਹੀ ਉਹਨਾਂ ਨੂੰ ਤਬਾਹੀ ਦੇ ਰਾਹ ਪਾ ਦੇਵੇ ਅਤੇ ਕਲਾਂ ਵਿਰਖ ਤੋਂ ਥੱਲੇ ਨਸੀਬ ਕਰ ਦੇਵੇ। ਦੇਣਾ ਅਤੇ ਖੁਲ੍ਹ ਕੇ ਬਖ਼ਸ਼ਣਾ ਮੇਰੇ ਗੁਣ ਹਨ, ਜਿਹੜਾ ਆਪ ਆਪਣੇ ਨੂੰ ਮੇਰੇ ਗੁਣਾਂ ਨਾਲ ਸਿੰਗਾਰਦਾ ਹੈ ਉਸਦਾ ਕਲਿਆਣ ਹੀ ਕਲਿਆਣ ਹੈ।

50

ਹੇ ਕਾਮਨਾ ਦੇ ਤਿਆਗ

ਸਭ ਪ੍ਰਕਾਰ ਦਾ ਲਾਲਚ ਛੱਡ ਦੇ ਅਤੇ ਸੰਤੋਖ ਨੂੰ ਲੋੜ; ਕਿਉਂਜੋ ਲਾਲਚ ਸਦਾ ਹੀ ਸੱਖਣਾ ਰਿਹਾ ਹੈ ਅਤੇ ਸੰਤੋਖੀ ਨੂੰ ਹਮੇਸ਼ਾ ਪਿਆਰ ਅਤੇ ਸ਼ਲਾਘਾ ਪ੍ਰਾਪਤ ਹੋਈ ਹੈ।

51

ਹੇ ਮੇਰੀ ਗੱਲੀ ਦੇ ਪੁੱਤਰ

ਗ਼ਰੀਬੀ ਵਿੱਚ ਦੁਖੀ ਨਾ ਹੋਵੀਂ ਨਾ ਅਮੀਰੀ ਵਿਚ ਇਤਮੀਨਾਨ ਨਾਲ ਬੈਠ ਜਾਵੀਂ, ਕਿਉਂ ਜੋ ਗ਼ਰੀਬੀ ਤੋਂ ਬਾਦ ਅਮੀਰੀ ਆਉਂਦੀ ਹੈ ਅਤੇ ਅਮੀਰੀ ਤੋਂ ਪਿਛੋਂ ਗ਼ਰੀਬੀ। ਪਰੰਤੂ ਰੱਬ ਤੋਂ ਸਿਵਾ ਹਰ ਸ਼ੈ ਵੱਲੋਂ ਗ਼ਰੀਬ ਹੈ ਜਾਣਾ ਵਡੇਰੀ ਦਾਤ ਹੈ, ਇਸ ਨੂੰ ਤੁੱਛ ਨਾ ਸਮਝੀਂ ਕਿਉਂਜੋ ਅੰਤ ਨੂੰ ਇਹ ਗ਼ਰੀਬੀ ਤੈਨੂੰ ਨਾਮ ਦੀ ਦੌਲਤ ਨਾਲ ਮਾਲਾਮਾਲ ਕਰ ਦੇਵੇਗੀ ਅਤੇ ਇਸ ਤਰ੍ਹਾਂ ਤੂੰ ਇਸ ਵਾਕ ਦਾ ਅਰਥ ਸਮਝ ਜਾਵੇਗਾ; "ਸੱਚ ਇਹ ਹੈ ਕਿ ਤੁਸੀਂ ਗ਼ਰੀਬ ਹੋ" ਅਤੇ ਇਹ ਪਵਿੱਤਰ ਬਾਣੀ। "ਰੱਬ ਹੀ ਦੌਲਤ ਵਾਲਾ ਹੈ" ਸੱਚੀ ਸਵੇਰ ਵਾਂਗ ਆਪਣੀ ਸ਼ਾਨਦਾਰ ਚਮਕ ਦਮਕ ਨਾਲ ਪ੍ਰੇਮੀ ਦੇ ਹਿਰਦੇ ਰੂਪੀ ਖਿੜਜ ਤੇ ਪ੍ਰਗਟ ਹੋ ਜਾਵੇਗੀ ਅਤੇ ਦੌਲਤ ਦੇ ਸਿੰਘਾਸਣ ਤੇ ਨਿਰਸੰਦੇਹ ਹੋ ਕੇ ਬਿਰਾਜੇਗੀ।

52

ਹੇ ਬੇਤਾਬੀ ਅਤੇ ਕਾਮਨਾ ਦੇ ਪੁੱਤਰੋ

ਤੁਸਾਂ ਮੇਰੇ ਵੈਰੀ ਨੂੰ ਮੇਰੇ ਘਰ ਵਾੜ ਲਿਆ ਹੈ ਅਤੇ ਮੇਰੇ ਮਿੱਤਰ ਨੂੰ ਬਾਹਰ ਕੱਢ ਦਿੱਤਾ ਹੈ ਕਿਉਂ ਜੋ ਤੁਸਾਂ ਮੈਨੂੰ ਛੱਡ ਕਿਸੇ ਹੋਰ ਦੇ ਪਿਆਰ ਨੂੰ ਮਨ ਮੰਦਰ ਵਿੱਚ ਵਸਾ ਲਿਆ ਹੈ। ਮਿੱਤਰ ਦੀ ਗੱਲ ਵਲ ਧਿਆਨ ਦਿਓ ਅਤੇ ਉਸ ਦੇ ਸੁਰਗ ਵੱਲ ਮੂੰਹ ਕਰੋ। ਸੰਸਾਰੀ ਮਿੱਤਰ ਆਪਣਾ ਲਾਭ ਚਾਹੁੰਦੇ ਹੋਏ, ਇਕ ਦੂਸਰੇ ਨੂੰ ਪਿਆਰ ਕਰਦੇ ਦਿਸਦੇ ਹਨ, ਪਰ ਸੱਚੇ ਮਿੱਤਰ ਨੇ ਤੁਹਾਨੂੰ ਤੁਹਾਡੇ ਲਈ ਹੀ ਪਿਆਰ ਕੀਤਾ ਹੈ ਅਤੇ ਕਰਦਾ ਹੈ ਬਲਕਿ ਤੁਹਾਨੂੰ ਰਾਹ ਦੱਸਣ ਲਈ ਉਸ ਨੇ ਅਨਗਿਣਤ ਕਸ਼ਟ ਸਹੇ ਹਨ। ਅਜਿਹੇ ਮਿੱਤਰ ਨਾਲ ਪ੍ਰੀਤ ਨਾ ਕਮਾਇਆ ਜਾਵੇ, ਸਗੋਂ ਉਸ ਵੱਲ ਨੱਸ ਕੇ ਜਾਓ। ਇਹ ਸੱਤ ਅਤੇ ਨਿਸ਼ਠਤਾ ਦਾ ਸੂਰਜ ਹੈ ਜਿਹੜਾ ਸਾਰੇ ਨਾਵਾਂ ਦੇ ਸੁਆਮੀ ਦੀ ਕਲਮ ਦੇ ਖਿੜਜ ਉੱਪਰੋਂ ਨਿਕਲਿਆ ਹੈ। ਆਪਣੇ ਕੰਨ ਖੋਲ੍ਹੋ ਜੋ ਤੁਸੀਂ ਸੋਕਟ ਸਮੇਂ ਸਹਾਈ ਅਤੇ ਸੱਭੇ ਪ੍ਰਭੂ ਦਾ ਵਾਕ ਸੁਣ ਸਕੋ।

53

ਹੇ ਨਾਸ਼ਵਾਨ ਧਨ ਦਾ ਮਾਣ ਕਰਨ ਵਾਲਿਓ

ਸੱਚ ਜਾਣੋ ਕਿ ਦੌਲਤ ਚਾਹਵਾਨ ਅਤੇ ਉਸਦੀ ਚਾਹ, ਪ੍ਰੇਮੀ ਅਤੇ ਉਸਦੇ ਪਿਆਰ ਵਿਚਕਾਰ ਡਾਢੀ ਦੁਰਾਵਦ ਹੈ। ਥੱਕੇ ਜਿਹਾਂ ਨੂੰ ਛੱਡ ਕੇ ਦੌਲਤਵੰਦ ਕਿਸੇ ਪ੍ਰਕਾਰ ਵੀ ਉਸਦੀ ਹਜ਼ੂਰੀ ਦੇ ਮਹੱਲ ਨੀਕ ਨਹੀਂ ਪੌਹੰਚ ਸਕਣਗੇ ਅਤੇ ਨਾ ਹੀ ਸਬਰ ਸੰਤੋਖ ਦੀ ਨਗਰੀ ਅੰਦਰ ਪ੍ਰਵੇਸ਼ ਕਰ ਸਕਣਗੇ। ਇਸ ਲਈ ਉਹ ਧੰਨ ਹੈ, ਜਿਸ ਨੂੰ ਦੌਲਤਵੰਦ ਹੁੰਦੀਆਂ ਵੀ ਉਸ ਦੀ ਦੌਲਤ ਨੇ ਅੰਨਦ ਦੇ ਰਾਜ ਢੌਲ ਆਉਣ ਤੋਂ ਨਹੀਂ ਅਟਕਾਇਆ ਅਤੇ ਨਾ ਹੀ ਸਦੀਵਤਾ ਦੀ ਅਮਲਦਾਰੀ ਵਿੱਚ ਦਾਖ਼ਲ ਹੋਣ ਤੋਂ ਰੋਕ ਸਕੀ। ਸਭ ਤੋਂ ਵੱਡੇ ਨਾ ਦੀ ਸੌਹ ! ਜਿਸ ਤਰ੍ਹਾਂ ਦੇ ਧਨਵਾਦ ਲਾ ਪ੍ਰਤਾਪ ਆਕਾਸ਼ ਦੇ ਫਾਸੀਆਂ ਭੇ ਉੱਜ ਹੀ ਪ੍ਰਕਾਸ਼ ਭੇਲੇਗਾ ਜਿਵੇਂ ਸੂਰਜ ਧਰਤੀ ਦੇ ਵਸਨੀਕਾਂ ਨੂੰ ਚਾਨਣ ਕਰਦਾ ਹੈ।

54

ਧਰਤੀ ਦੇ ਧਨਵਾਨੋ

ਤੁਹਾਡੇ ਵਿਚਕਾਰ ਰਹਿੰਦੇ ਗ਼ਰੀਬ ਮੰਗਤੇ ਅਮਾਨਤ ਹਨ, ਮੋਹੀ ਅਮਾਨਤ ਨੂੰ ਸਾਂਭ ਕੇ ਰੱਖੋ ਅਤੇ ਆਪਣੇ ਆਤਮਾ ਤੋਂ ਹੀ ਨੀਰ ਨਾ ਛਾਂਟੀ ਰੱਖੋ।

55

ਹੇ ਕਾਮਨਾ ਦੇ ਪੁੱਤਰ

ਆਪਣੇ ਆਪ ਨੂੰ ਦੌਲਤ ਦੀ ਭਿੱਟ ਤੋਂ ਸੁੱਚਾ ਕਰ ਲੈ ਅਤੇ ਪੂਰਨ ਸ਼ਾਂਤੀ ਨਾਲ ਗ਼ਰੀਬੀ ਦੇ ਰਾਜ ਵਿੱਚ ਅਗਾਂਹ ਵਧ, ਤਾਂ ਜੋ ਤੂੰ ਨਿਰਲੇਪਤਾ ਦੇ ਜੰਮੇ ਤੋਂ ਅਮਰ ਜੀਵਨ ਦੀ ਸ਼ਰਾਬ ਦੇ ਘੁੱਟ ਭਰ ਸੱਕੇਂ।

56

ਹੇ ਮੇਰੇ ਪੁੱਤਰ

ਬਦਕਾਰਾਂ ਦਾ ਸਾਥ ਦੁੱਖ ਵਧਾਉਂਦਾ ਹੈ, ਅਤੇ ਨਿਆਕਾਰਾਂ ਦੀ ਸੰਗਤ ਦਿਲ ਦਾ ਜੰਗਾਲ ਲਾਹ ਦਿੰਦੀ ਹੈ। ਜਿਹੜਾ ਪ੍ਰਭੂ ਨਾਲ ਲਿਵ ਲਾਉਣਾ ਚਾਹੁੰਦਾ ਹੈ, ਉਸਦੇ ਪਿਆਰਿਆਂ ਦੀ ਸੰਗਤ ਵਿੱਚ ਜਾਵੇ, ਅੜੇ ਜਿਹੜਾ ਪ੍ਰਭੂ ਦੇ ਵਾਕ ਨ ਸੁਣਨਾ ਚਾਹੁੰਦਾ ਹੈ, ਉਸ ਦੇ ਚੁਣਵੇਂ ਬੰਦਿਆਂ ਦੇ ਸ਼ਬਦਾਂ ਵੱਲ ਧਿਆਨ ਦੇਵੇ।

57

ਹੇ ਮਿੱਟੀ ਦੇ ਪੁੱਤਰ

ਅਬਦਕਾਰ ! ਬਦਕਾਰ ਨਾਲ ਨਾ ਜੁੜੀਂ ਅਤੇ ਉਸ ਦਾ ਸੰਗ ਨਾਲ ਚਾਹੀਂ, ਕਿਉਂਜੋ ਇਸ ਤਰ੍ਹਾਂ ਦੀ ਸੰਗਤ ਦਿਲ ਦੀ ਸੱਚ ਨੂੰ ਮੈਂਦਾਸ਼ ਦੀ ਅੱਗ ਬਣਾ ਦਿੰਦੀ ਹੈ।

82

58

ਹੇ ਮੇਰੀ ਜੰਞੀ ਦੇ ਪੁੱਤਰ

ਜੇ ਤੂੰ ਪਵਿੱਤਰ ਆਤਮਾ ਦੀ ਮਿਹਰ ਚਾਹੇਂ ਤਾਂ ਨੇਕ ਬੰਦੇ ਦੀ ਸੰਗਤ ਕਰ ਲੈ ਕਿਉਂਜੋ ਉਸਨੇ ਅਮਰ ਸਾਕੀ ਦੇ ਹੱਥੋਂ ਅਨੰਤ ਜੀਵਨ ਦਾ ਪਿਆਲਾ ਪੀਤਾ ਹੋਇਆ ਹੈ ਅਤੇ ਸੱਚੀ ਸਵੇਰ ਵਾਂਗ ਮੁਰਦਿਆਂ ਦੇ ਦਿਲਾਂ ਨੂੰ ਵੀ ਜੀਵਨ ਅਤੇ ਪ੍ਰਕਾਸ਼ ਨਾਲ ਭਰ ਦਿੰਦਾ ਹੈ।

59

ਹੇ ਗ਼ਾਫ਼ਲੋ

ਇਹ ਨਾ ਸਮਝੋ ਕਿ ਦਿਲ ਦੇ ਭੇਤ ਗੁੱਝੇ ਹਨ, ਸਗੋਂ ਯਕੀਨ ਜਾਣੋ ਕਿ ਉਹ ਸਾਫ਼ ਅੱਖਰਾਂ ਵਿੱਚ ਉੱਕਰੇ ਹੋਏ ਹਨ, ਅਤੇ ਪਵਿੱਤਰ ਹਜ਼ੂਰੀ ਵਿੱਚ ਸਪਸ਼ਟ ਅਤੇ ਪ੍ਰਤੱਖ ਹਨ।

60

ਮਿੱਤਰੋ

ਮੈਂ ਸੱਚ ਆਖਦਾ ਹਾਂ ਕਿ ਤੁਸਾਂ ਜੋ ਕੁਝ ਵੀ ਆਪਣੇ ਦਿਲਾਂ ਵਿੱਚ ਛੁਪਾ ਰੱਖਿਆ ਹੈ ਸਾਡੇ ਸਾਹਮਣੇ ਉਹ ਦਿਨ ਵਾਂਗ ਸਪਸ਼ਟ ਅਤੇ ਪ੍ਰਤੱਖ ਹੈ, ਯਕੀਨ ਅਸਾਂ ਉਸ ਨੂੰ ਆਪਣੀ ਮਿਹਰ ਅਤੇ ਕਿਰਪਾ ਦੇ ਕਾਰਣ ਛਪਾ ਰੱਖਿਆ ਹੈ, ਇਸ ਲਈ ਨਹੀਂ ਕਿ ਤੁਸੀਂ ਇਸਦੇ ਖੋਜੀ ਹੋ।

83

61

ਹੇ ਮਨੁੱਖ ਦੇ ਪੁਤਰ

ਆਪਣੀ ਕਰੁਣਾ ਦੇ ਅਥਾਹ ਸਾਗਰ ਚੋਂ ਮੈਂ ਤੁੰ ਲ ਦੀ ਇਕ ਛਿੱਟ ਸੰਸਾਰ ਦੇ ਲੋਕਾਂ ਤੇ ਪਾਈ ਹੈ, ਪਰ ਕਿਸੇ ਨੂੰ ਉਸ ਵੱਲ ਮੂੰਹ ਕਰਦਿਆਂ ਨਹੀਂ ਡਿੱਠਾ ਕਿਉਂ ਜੋ ਹਰੇਕ ਨੇ ਓਕਦਾ ਦੀ ਸੂਰਤੀ ਸ਼ਰਾਬ ਵੱਲੋਂ ਪਾਸਾ ਵੱਟ ਕ ਅਪਵਿੱਤਰਤਾ ਦੀ ਮੈਲ ਭਰੀ ਗਾਦ ਵੱਲ ਧਿਆਨ ਕਰ ਲਿਆ ਹੈ ਅਤੇ ਮਾਸ਼ਕਾਨ ਪਿਆਲੇ ਤੋਂ ਸੰਤੁੱਖ ਕਰਕੇ ਨਾਸ਼ਰਹਿਤ ਮੈ ਦੀ ਸ਼ਰਾਬ ਦਾ ਕਟੋਰਾ ਪਰੇ ਸੁਟ ਦਿੱਤਾ ਹੈ। ਜਿਸ ਨਾਲ ਉਹ ਤ੍ਰਿਪਤ ਹੋ ਗਿਆ ਹੈ, ਉਹ ਅਨੰਤ ਸੁਖ ਹੈ।

62

ਹੇ ਮਿੱਟੀ ਦੇ ਪੁੱਤਰ

ਅਮਰ ਪ੍ਰੀਤਮ ਦੀ ਅਦੁੱਤੀ ਸ਼ਰਾਬ ਵੱਲੋਂ ਆਪਣੀਆਂ ਨਜ਼ਰਾਂ ਨਾ ਹਟ ਅਤੇ ਮੈਲ ਭਰੀ ਨਾਸ਼ਵਾਨ ਗਾਦ ਵੱਲ ਅੱਖੀਆਂ ਨਾ ਖੋਲ੍ਹ। ਰੱਬੀ ਸਾਕੀ ਦੇ ਹੱਥੋਂ ਅਮਰ ਜੀਵਨ ਦਾ ਜਾਮ ਲੈ ਲੈ ਤਾਂ ਜੋ ਸਾਰੀ ਸਿਆਣਪ ਤੇਰੀ ਹੋ ਜਾਵੇ ਅਤੇ ਤੂੰ ਅਣਛਿੱਥ ਦੇ ਵਾਸ ਵੱਲੋਂ ਪੁਕਾਰ ਰਹੀ ਰਹੱਸਮਈ ਆਵਾਜ਼ ਨੂੰ ਸੁਣ ਸਕੇਂ। ਤੁੱਛ ਇਰਾਦੇ ਵਾਲਿਓ, ਉੱਚੀ ਉੱਚੀ ਰੋਵੋ। ਤੁਸੀਂ ਸੋਰੀ ਪਵਿੱਤਰ ਅਤੇ ਨਾਸ਼ਰਹਿਤ ਮਦਿਰਾ ਨੂੰ ਚੱਡ ਕੇ ਖਿਣਭੰਗੁਰ ਪਾਣੀ ਵੱਲ ਕਿਉਂ ਚਲੇ ਗਏ ਹੋ?

84

63

ਹੇ ਦੁਨੀਆਂ ਦੇ ਲੋਕੋ

ਸੱਚ ਜਾਣੋ ਕਿ ਇੱਕ ਅਚਣਚੇਤ ਬਿਪਤਾ ਤੁਹਾਡਾ ਪਿੱਛਾ ਕਰ ਰਹੀ ਹੈ ਅਤੇ ਇੱਕ ਭਾਣਾ ਬਦਲਾ ਤੁਹਾਡੀ ਉਡੀਕ ਵਿੱਚ ਹੈ। ਇਹ ਨਾ ਸਮਝੋ ਕਿ ਤੁਹਾਡੀਆਂ ਕਰਨੀਆਂ ਮੇਰੀਆਂ ਅੱਖੀਆਂ ਅੱਗਿਓਂ ਮਿਟ ਗਈਆਂ ਹਨ। ਮੈਨੂੰ ਆਪਣੇ ਰੂਪ ਦੀ ਸੌਂਹ, ਤੁਹਾਡੀਆਂ ਸਾਰੀਆਂ ਕਰਤੂਤਾਂ ਮੇਰੀ ਕਲਮ ਨੇ ਹੀਰੇ ਦੀਆਂ ਤਖ਼ਤੀਆਂ ਤੇ ਸਪਸ਼ਟ ਅੱਖਰਾਂ ਵਿੱਚ ਉੱਕਰੀਆਂ ਹੋਈਆਂ ਹਨ।

64

ਹੇ ਧਰਤੀ ਦੇ ਜ਼ਾਲਮੋ

ਜ਼ੁਲਮ ਵੀਂ ਹੱਥ ਖਿੱਚ ਲਓ, ਕਿਉਂਜੋ ਮੈਂ ਕਸਮ ਖਾਧੀ ਹੋਈ ਹੈ ਕਿ ਕਿਸੇ ਦਾ ਭੀ ਅਨਿਆਂ ਮਾਫ਼ ਨਹੀਂ ਕਰਾਂਗਾ। ਇਹ ਮੇਰਾ ਇਕਰਾਰ ਹੈ ਜਿਸ ਨੂੰ ਪੂਰਾ ਕਰਨ ਦੀ ਮੈਂ ਸਾਂਭ ਕੇ ਰੱਖੀ ਲਿਖਤ ਦੁਆਰਾ ਅਟਲ ਆਕਿਆ ਦਿੱਤੀ ਹੋਈ ਹੈ ਅਤੇ ਉਸ ਤੇ ਆਪਣੇ ਪ੍ਰਤਾਪ ਦੀ ਮੋਹਰ ਲਾਈ ਹੋਈ ਹੈ।]

85

65

ਹੇ ਨਾ ਫ਼ਰਮਾਨੋ

ਮੇਰੀ ਸਹਿਨਸ਼ੀਲਤਾ ਦੇ ਕਾਰਨ ਤੁਸੀਂ ਨਿਡਰ ਹੋ ਗਏ ਹੋ ਅਤੇ ਮੇਰੇ ਲੰਮੇ ਸਬਰ ਨੇ ਤੁਹਾਨੂੰ ਇੰਨਾ ਗਾਫ਼ਲ ਕਰ ਦਿੱਤਾ ਹੈ ਕਿ ਤੁਸੀਂ ਲਾਲਸਾ ਰੂਪੀ ਅੰਨ੍ਹੇ ਦੇ ਘੋੜੇ ਨੂੰ ਤਬਾਹੀ ਦੇ ਖ਼ਤਰਨਾਕ ਰਾਹ ਤੇ ਦੁੜਾ ਦਿੱਤਾ ਹੈ ਕੀ ਤੁਸੀਂ ਮੈਨੂੰ ਗਾਫ਼ਲ ਸਮਝਿਆ ਹੈ ਜਾਂ ਬੇਖ਼ਬਰ?

66

ਹੇ ਪਹਲੇਰਾ ਵਾਸੀਓ

ਜੋਰ ਨੂੰ ਮੈਂ ਨਾਮ ਸਿਮਰਨ ਲਈ ਬਣਾਇਆ ਹੈ ਇਸ ਨੂੰ ਪਰਮਿੰਦਾ ਨਾਲ ਮੰਦੀ ਨਾ ਕਰੋ ਜੇ ਹਉਮੈ ਦੀ ਅੱਗ ਤੁਹਾਡੇ ਤੇ ਕਾਬੂ ਪਾ ਲਵੇ ਤਾਂ ਮੇਰੀ ਅਲਕਤ ਦੇ ਨਹੀਂ, ਆਪਣੇ ਦੰਦ ਯਾਦ ਕਰੋ, ਕਿਉਂਜੋ ਤੁਹਾਡੇ ਵਿੱਚ ਹਰੇਕ ਹੋਰਨਾਂ ਨਾਲੋਂ ਆਪਣੇ ਆਪ ਨੂੰ ਜ਼ਿਆਦਾ ਵੱਡੀ ਤਰ੍ਹਾਂ ਜਾਣਦਾ ਹੈ

67

ਹ ਦਹਿਮ ਦੇ ਪੁੱਤਰੋ

ਸੱਚ ਜਾਣੋ : ਕਿਉਂਜੋ ਸਦੀਵੀ ਪਵਿੱਤਰਤਾ ਦੇ ਖਿਤਜ ਉੱਤੋਂ ਪ੍ਰਕਾਸ਼ਵਾਨ ਸਵੇਰ ਫੁੱਟ ਰਹੀ ਹੈ, ਰਾਤ ਦੇ ਹਨ੍ਹੇਰੇ ਵਿੱਚ ਕੀਤੇ ਗਏ ਸ਼ੈਤਾਨੀ ਅਮਲਾਂ ਦੇ ਭੇਤ ਉਘੜ ਜਾਣਗੇ ਅਤੇ ਸੰਸਾਰ ਦੇ ਲੋਕਾਂ ਭੋ ਉਜਾਗਰ ਹੋ ਜਾਣਗੇ ।

68

ਹੇ ਮਿੱਟੀ 'ਚੋਂ ਉੱਗਣ ਵਾਲੇ ਘਾਹ-ਖੱਤ

ਤੇਰੇ ਇਹ ਗੰਦੇ ਹੱਥ ਪਹਿਲਾਂ ਤੇਰੇ ਆਪਣੇ ਜਾਮੇ ਨੂੰ ਕਿਉਂ ਨਹੀਂ ਛੱਗੇ, ਅਤੇ ਆਪਣਾ ਫਾਮ ਅੱਗੇ ਕ੍ਰਿਸ਼ਨਾਂ ਕਾਲ ਚਿੱਟਿਆ ਦਿਲ ਲੈ ਕੇ ਤੂੰ ਮੇਰੇ ਨਾਲ ਮਿਲਾਪ ਕਰਨਾ ਅਤੇ ਮੇਰੇ ਪਵਿੱਤਰ ਫਾਜ ਵਿੱਚ ਪ੍ਰਵੇਸ਼ ਕਰਨਾ ਕਿਵੇਂ ਲੱਤਦਾ ਹੈ' ? ਜੋ ਤੂੰ ਚਾਹੁੰਦਾ ਹੈਂ, ਉਸ ਥੀਂ ਡਾਢਾ, ਡਾਢਾ ਦੂਰ ਹੈਂ ।

69

ਹੇ ਆਦਮ ਦੇ ਪੁੱਤਰੋ

ਪਵਿੱਤਰ ਵਾਕ ਅਛੋ ਸ਼ੁੱਧ ਅਤੇ ਸ੍ਰੇਸ਼ਠ ਕਰਮ ਈਸ਼ਵਰੀ ਪ੍ਰਤਾਪ ਦੇ ਸੁਰਗ ਵੱਲ ਉੱਪਰ ਉਠ ਜਾਂਦੇ ਹਨ । ਜਦਜ ਕਰੋ ਤਾ ਜੋ ਤੁਹਾਡੇ ਅਮਲ ਹਉਮੈ ਅਤੇ ਪਾਖੰਡ ਦੀ ਗਰਦ ਤੋਂ ਸਾਫ ਹੋਣ ਅਤੇ ਪ੍ਰਤਾਪ ਦੇ ਦਰਬਾਰ ਵਿੱਚ ਕਬੂਲ ਹੋ ਜਾਣ, ਕਿਉਂਜੋ ਫੈਤੀ ਹੀ ਸਰੁੱਖਤਾ ਦੇ ਪਾਰਖੀ ਉਪਾਸਦੇਵ ਦੀ ਪਵਿੱਤਰ ਹਜ਼ੂਰੀ ਵਿੱਚ, ਸ਼ਾਲਿਸ ਨੇਕੀ ਅਤੇ ਬੇਦਾਗ ਪਵਿੱਤਰਤਾ ਵਾਲੇ ਅਮਲਾਂ ਦੇ ਸਿਵਾ ਕੁਝ ਭੀ ਸਵੀਕਾਰ ਨਹੀਂ ਕਰਨਗੇ । ਇਹ ਜਿਆਦਾ ਅਤੇ ਈਸ਼ਵਰੀ ਰਹੱਸ ਦਾ ਸੂਰਜ ਹੈ ਜਿਹੜਾ ਰੱਬੀ ਰਜ਼ਾ ਦੇ ਖਿਤਜ ਤੋਂ ਚੜਿਆ ਹੈ ।

70

ਹੇ ਸੰਸਾਰ ਸੁਖ ਦੇ ਪੁੱਤਰ

ਹਸਤੀ ਦਾ ਰਾਜ ਸੁਖਾਵਾਂ ਹੈ ਜੇ ਪਾ ਜਾਵੇਂ ਤਾਂ, ਅਮਰਤਾ ਦਾ ਦੇਸ਼ ਸ਼ਾਨਦਾਰ ਹੈ ਜੇ ਨਾਸ਼ਵਾਨਤਾ ਦੇ ਸੰਸਾਰ ਤੋਂ ਅਗਾਂਹ ਲੰਘ ਜਾਵੇਂ, ਨਾਮ ਖ਼ੁਮਾਰੀ ਮਿੱਠੀ ਹੈ ਜੇ ਸੁਰਗਾਂ ਦੇ ਸਦਾ-ਜੁਆਨ ਸੇਫ਼ਕ ਦੇ ਹੱਥੋਂ ਜ਼ਹੱਸਮਈ ਪਿਆਲਾ ਲੈ ਪੀਵੇਂ। ਜੇ ਤੂੰ ਇਸ ਪਦਵੀ ਨੂੰ ਪਹੁੰਚ ਜਾਵੇਂ ਤਾਂ ਵਿਨਾਸ਼, ਅਤੇ ਮੌਤ ਤੋਂ ਮੁਕਤੱਤ ਅਤੇ ਪਾਪ ਤੋਂ ਆਜ਼ਾਦ ਹੋ ਜਾਵੇਂ।

71

ਹੇ ਮੇਰੇ ਮਿੱਤਰ

ਉਸ ਇਕਰਾਰ ਪਾਰ ਕਰੋ ਜਿਹੜਾ ਤੁਸਾਂ ਜ਼ਮਾਨ ਦੀ ਪਰਿੱਤਰ ਸੀਮਾ ਅੰਦਰ ਸਥਿਰ ਡਾਰਵਾਨ ਪਰਾਲ ਤੇ ਮੈਨੂੰ ਕਾਲ ਕੀਤਾ ਸੀ। ਮੈਂ ਉੱਤੇ ਲੰਕ ਕਾਲਿਆਂ ਦੇ ਕ਼ਸੂਰ ਅਤੇ ਅਮਰ ਨਗਰੀ ਦੇ ਵਾਸੀਆਂ ਨੂੰ ਉਸ ਇਕਰਾਰ ਦਾ ਸਾਖੀ ਭੱਖਿਆ ਹੈ, ਪਰੰਤੂ ਹੁਣ ਮੈਨੂੰ ਉਸ ਇਕਰਾ ਤੇ ਸ਼ਰਧਾ ਰੱਖਣ ਵਾਲਾ ਕੋਈ ਨਹੀਂ ਮਿਲਦਾ, ਜਿਸਦੇ ਜੀ ਹੰਕਾਰ ਅਗੇ ਅਵੱਗਿਆ ਨੇ ਉਸ ਨੂੰ ਦਿਲਾਂ ਤੋਂ ਮਿਟਾ ਦਿਤਾ ਹੈ। ਇਥੇ ਠੀਕ ਕਿ ਉਸ ਦਾ ਕੋਈ ਨਿਸ਼ਾਨ ਨਹੀਂ ਰਹਿ ਗਿਆ। ਪਰੰਤੂ ਇਹ ਜਾਣਦੇ ਹੋਏ ਭੀ ਮੈਂ ਧੀਰਜ ਰਖਿਆ ਅਤੇ ਬੋਲ ਨਾ ਬੋਲਿਆ।

72

ਹੇ ਮੇਰੇ ਬੰਦੇ

ਤੂੰ ਉਸ ਵਧੀਆ ਚਲੀ ਹੋਈ ਤਲਵਾਰ ਵਾਂਗ ਹੈਂ ਜਿਹੜੀ ਮਿਆਨ ਦੇ ਹਨ੍ਹੇਰੇ ਵਿੱਚ ਲੁਕੀ ਹੋਈ ਹੈ ਅਤੇ ਉਸ ਦੀ ਕਦਰ ਕਾਰੀਗਰ ਦੀ ਪਛਾਣ ਓਹਲੇ ਹੈ। ਇਸ ਲਈ ਹਉਮੈਂ ਅਤੇ ਤ੍ਰਿਸ਼ਨਾ ਦੇ ਖੋਲ ਤੋਂ ਬਾਹਰ ਆ ਜਾ ਤਾਂ ਜੋ ਤੇਰੇ ਪਾਣੀ ਦੀ ਚਮਕ ਸਾਰੀ ਦੁਨੀਆਂ ਤੇ ਉਜਾਗਰ ਹੋ ਜਾਵੇ।

73

ਹੇ ਮੇਰੇ ਮਿੱਤਰ

ਤੂੰ ਮੇਰੀ ਪਵਿੱਤਰਤਾ ਦੇ ਆਕਾਸ਼ ਦਾ ਸੂਰਜ ਹੈਂ। ਦੁਨੀਆਂ ਦੀ ਮੈਲ ਨੂੰ ਆਪਣੀ ਸ਼ੋਭਾ ਨੂੰ ਗ੍ਰਹਿਣ ਨਾ ਲਾਉਣ ਦੇ। ਗਫਲਤ ਦਾ ਪਰਦਾ ਧਾੜ ਸੁੱਟ ਤਾਂ ਜੋ ਤੂੰ ਆਪਣੀ ਚਮਕ ਲੈ ਕੇ ਬੱਦਲਾਂ ਦੇ ਪਿੱਛਿਓਂ ਨਿੱਕਲੇ ਅਤੇ ਸਾਰੇ ਪਦਾਰਥਾਂ ਨੂੰ ਜੀਵਨ ਦੀ ਪੁਸ਼ਾਕ ਨਾਲ ਸ਼ਿੰਗਾਰ ਦੇਵੇਂ।

74

ਹੇ ਝੂਠੇ ਮਾਣ ਦੇ ਪੁੱਤਰੋ

ਖਿਨਭੰਗੁਰ ਸੱਤਾ ਦੀ ਖਾਤਰ ਤੁਸਾਂ ਮੇਰਾ ਅਮਿਟ ਰਾਜ ਤਿਆਗਿਆ ਅਤੇ ਆਪਣੇ ਆਪ ਨੂੰ ਦੁਨੀਆਂਦਾਰੀ ਦੀ ਭੜਕੀਲੀ ਵਰਦੀ ਨਾਲ ਸ਼ਿੰਗਾਰ ਕੇ ਸ਼ੇਖੀ ਮਾਰੀ ਹੈ। ਮੈਨੂੰ ਆਪਣੇ ਰੂਪ ਦੀ ਸੋਂਹ, ਮੈਂ ਸਭਨਾਂ ਨੂੰ ਮਿੱਟੀ ਦੀ ਇਕਰੰਗੀ ਚਾਦਰ ਹੇਠ ਇਕੱਠੇ ਕਰਾਂਗਾ ਅਤੇ ਇਹ ਸਾਰੇ ਵੰਨ ਸੁਵੰਨੇ ਰੰਗ ਮਿਟਾ ਦਿਆਂਗਾ ਸਿਵਾਏ ਉਨ੍ਹਾਂ ਦੇ ਜਿਹਨਾਂ ਤੇ ਮੇਰੀ ਰੰਗਣ ਚੜ੍ਹੀ ਹੈ, ਕਿਉਂਜੋ ਉਸ ਨਾਲ ਹਰੇਕ ਰੰਗ ਧੋਇਆ ਜਾਂਦਾ ਹੈ।

75

ਹੇ ਗ਼ਾਫ਼ਲਤ ਦੇ ਪੁੱਤਰੋ

ਨਾਸ਼ਵਾਨ ਸੱਤਾ ਨਾਲ ਦਿਲ ਲਾਓ ਅਤੇ ਉਸ ਤੇ ਖੁਸ਼ੀਆਂ ਨਾ ਮਨਾਓ। ਤੁਸੀਂ ਉਸ ਅਵੇਸਲੇ ਪੰਛੀ ਵਾਂਗ ਹੋ ਜਿਹੜਾ ਪੂਰੇ ਭਰੋਸੇ ਨਾਲ ਟਹਿਣੀ ਤੇ ਚਹਿਕ ਰਿਹਾ ਹੈ, ਫਿਰ ਅੱਚਣਚੇਤ ਮੌਤ ਦਾ ਚਿੜੀ-ਮਾਰ ਉਸਨੂੰ ਮਿੱਟੀ ਵਿੱਚ ਡੇਗ ਲੈਂਦਾ ਹੈ, ਅਤੇ ਤਾਣ ਤਨ, ਰੰਗ ਸਭ ਨਖੁੱਟ ਜਾਂਦੇ ਹਨ, ਕੋਈ ਨਿਸ਼ਾਨ ਬਾਕੀ ਨਹੀਂ ਰਹਿੰਦਾ। ਇਸ ਲਈ ਹੇ ਤ੍ਰਿਸ਼ਨਾਂ ਦੇ ਝੁਲਾਮੇ, ਧਿਆਨ ਦਿਓ।

76

ਹੇ ਮੇਰੀ ਗੋਲੀ ਦੇ ਪੁੱਤਰ

ਅਗਵਾਈ ਸਦਾ ਗੋਲਾਂ ਨਾਲ ਦਿੱਤੀ ਜਾਂਦੀ ਰਹੀ ਹੈ, ਪਰ ਦੁਣ ਕੰਮਾਂ ਰਾਹੀਂ ਦਿੱਤੀ ਜਾਂਦੀ ਹੈ। ਹਰ ਕੋਈ ਸ਼ੁੱਧ ਅਤੇ ਪਵਿੱਤਰ ਕਰਮ ਦਿਖਾਵੇ ਕਿਉਂ ਜੋ ਗੱਲਾਂ ਤਾਂ ਸਭਨਾਂ ਦਾ ਇੱਕੋ ਜਿਹਾ ਮਾਲ ਹਨ ਪਰੰਤੂ ਇਸ ਪ੍ਰਕਾਰ ਦੇ ਕਰਮ ਕੇਵਲ ਸਾਡੇ ਪਿਆਰਿਆਂ ਦੇ ਹੀ ਹਨ। ਇਸ ਲਈ ਆਪਣੇ ਆਪ ਨੂੰ ਕੰਮਾਂ ਰਾਹੀਂ ਉੱਘਾ ਕਰਨ ਦਾ ਦਿਲ ਜਾਨ ਨਾਲ ਜਤਨ ਕਰੋ। ਇਸ ਪਵਿੱਤਰ ਅਤੇ ਪ੍ਰਕਾਸ਼ਵਾਨ ਪੜ੍ਹਕਾ ਰਾਹੀਂ ਅਸੀਂ ਤੁਹਾਨੂੰ ਨਸੀਹਤ ਕਰਦੇ ਹਾਂ।

77

ਹੇ ਜਿਆਂ ਦੇ ਪੁੱਤਰ

ਰਾਤ ਵਲੇ ਅਮਰ ਪੁਰਸ਼ ਦਾ ਰੂਪ ਸ਼ਰਧਾ ਦੇ ਪੰਨੇ ਚੱਲੇ ਸ਼ਿਖਰ ਤੋਂ ਕਲਪ ਬਿਰਖ ਵੱਲ ਗਿਆ ਅਤੇ ਇੰਨਾ ਰੌਇਆ ਕਿ ਉਸਦਾ ਰੁਦਨ ਸੁਣਕੇ ਆਕਾਸ਼ ਵਾਸੀਆਂ ਦਾ ਸਮੂਹ ਅਤੇ ਉੱਚੇ ਲੋਕਾਂ ਦੇ ਵਾਸੀ ਭੀ ਵਿਰਲਾਪ ਕਰਨ ਲੱਗ ਪਏ। ਤਾਂ ਪੁੱਛਿਆ ਗਿਆ ਇਸ ਕੂਕਲਾਹਟ ਦਾ ਕੀ ਕਾਰਨ ਹੈ। ਉਸਨੇ ਉਤਰ ਦਿੱਤਾ : ਆਗਿਆ ਅਨੁਸਾਰ ਮੈਂ ਸਿਦਰ ਦੇ ਟਿੱਲੇ ਤੇ ਆਲ੍ਹਣੇਰੀ ਉਡੀਕ ਕਰਦਾ ਰਿਹਾ ਪਰੰਤੂ ਧਰਤੀ ਦੇ ਵਸਨੀਕਾਂ ਵੱਲੋਂ ਸ਼ਰਧਾ ਦੀ ਸੁਗੰਧੀ ਨ ਆਈ। ਆਦੇਸ਼ ਪਾਕੇ ਮੁੜਨ ਲੱਗਿਆ ਤਾਂ ਕੀ ਦੇਖਦਾ ਹਾਂ ਕਿ ਪਵਿੱਤਰਤਾ ਦੀਆਂ ਕੁਝ ਘੁੱਗੀਆਂ ਧਰਤੀ ਦੇ ਕੁੰਤਿਆ ਦੀਆਂ ਨਹੁੰਦਰਾਂ ਵਿੱਚ ਫਸੀਆਂ ਡਾਢਾ ਦੁੱਖ ਪਾ ਰਹੀਆਂ ਹਨ ਤਾਂ ਸੁਰਗ ਦੀ ਕੰਨਿਆਂ, ਬੇਪਰਦਾ ਅਤੇ ਡੁੱਲ੍ਹਦੇ ਹੰਝੂ, ਛੇਤੀ ਆਪਣੇ ਰਹੱਸਪੂਰਨ ਭਵਨ ਚੋਂ ਨਿਕਲ ਕੇ ਉਹਨਾਂ ਦੇ ਨਾਂ ਪੁੱਛਣ ਲੱਗੀ। ਇਕ ਨੂੰ ਛੱਡ ਕੇ ਸਭਨਾਂ ਦੇ ਨਾਂ ਦੱਸ ਦਿੱਤੇ ਗਏ। ਜਦੋਂ ਸੋਚ ਪਾ ਕੇ ਪੁੱਛਿਆ ਤਾਂ ਉਸ ਨਾਂ ਦਾ ਪਹਿਲਾ ਅੱਖਰ

ਉਚਾਰਿਆ ਗਿਆ, ਜਿਸਨੂੰ ਸੁਣਕੇ ਆਕਾਸ਼ੀ ਭੁਵਨਾਂ ਦੇ ਵਾਸੀ ਝਟਪਟ ਆਪਣੇ ਪ੍ਰਤਾਪੀ ਵਾਸਿਓਂ ਬਾਹਰ ਨਿਕਲ ਆਏ। ਜਦੋਂ ਦੂਸਰਾ ਅੱਖਰ ਉਚਾਰਿਆ ਤਾਂ ਉਹ ਸਾਰੇ ਦੇ ਸਾਰੇ ਮਿੱਟੀ ਵਿੱਚ ਡਿੱਗ ਪਏ। ਉਸੇ ਛਿਣ ਪੂਰ ਅੰਦਰਲੇ ਦੇਵਾਲੇ ਚੋਂ ਇੱਕ ਆਵਾਜ਼ ਸੁਣੀ ਗਈ : ਬੱਸ ਇੰਨਾ ਹੀ, ਇਸ ਤੋਂ ਅਗਾਂਹ ਨਹੀਂ। ਜੋ ਕੁਝ ਉਹਨਾਂ ਨੇ ਕੀਤਾ ਹੈ ਅਤੇ ਜੋ ਕੁਝ ਕਰ ਰਹੇ ਹਨ, ਨਿਸਚੇ ਹੀ ਅਸੀਂ ਉਸਦੇ ਸਾਖੀ ਹਾਂ।

78

ਹੇ ਮੇਰੀ ਗੱਲੀ ਦੇ ਪੁੱਤਰ

ਕਰੁਣਾਮਈ ਦੀ ਜ਼ਬਾਨ 'ਚੋਂ ਵਗ ਰਹਿ ਈਸ਼ਵਰੀ ਰਹੱਸ ਰੂਪੀ ਨਦੀ 'ਚੋਂ ਘੁੱਟ ਭਰ ਲੈ, ਅਤੇ ਈਸ਼ਵਰੀ ਵਾਕ ਦੇ ਬਹੁਫੁਟਾਲੇ 'ਚੋਂ ਸਿਆਣਪ ਦੇ ਸੂਰਜ ਦੀ ਬੇ ਪਰਦਾ ਸ਼ੋਭਾ ਦਖ ਲੈ। ਦਿਲ ਦੀ ਸ਼ੁੱਧ ਕੂਈ ਵਿੱਚ ਮੇਰੀ ਰੱਬੀ ਸਿਆਣਪ ਦੇ ਬੀ ਬੀਜ ਲੈ ਅਤੇ ਉਹਨਾਂ ਨੂੰ ਵਿਸ਼ਵਾਸ਼ ਦੇ ਪਾਣੀ ਨਾਲ ਸਿੰਜ ਤਾਂ ਜੋ ਦਿਲ ਦੀ ਪਵਿੱਤਰ ਨਗਰੀ ਵਿੱਚ ਗਿਆਨ ਅਤੇ ਸਿਆਣਪ ਦੇ ਤਾਜ਼ਾ ਅਤੇ ਮੁਲਾਇਮ ਫੁੱਲ ਉੱਗ ਪੈਣ।

79

ਹੇ ਕ੍ਰਿਸ਼ਨਾ ਦੇ ਪੁੱਤਰ

ਤੂੰ ਕ੍ਰਿਸ਼ਨਾ ਦੇ ਰਾਜ ਵਿੱਚ ਕਦੇ ਤੀਰ ਉਡਾਰੀਆ ਮਾਰਦਾ ਫਿਰੇਂਗਾ ? ਮੈਂ ਤੈਨੂੰ ਖੰਭ ਦਿੱਤੇ ਹਨ, ਤਾਂ ਜੋ ਤੂੰ ਰਹੱਸਮਈ ਪਵਿੱਤਰਤਾ ਦੇ ਮੰਡਲਾਂ ਵੱਲ ਉਡ ਜਾਵੇਂ, ਸ਼ੈਤਾਨੀ ਖ਼ਿਆਲਾਂ ਦੇ ਖੰਡਰ ਵੱਲ ਨਹੀਂ ਬੱਧੀ ਭੀ ਤੈਨੂੰ ਇਸ ਲਈ ਦਿੱਤੀ ਹੈ, ਤਾਂ ਜੋ ਮੇਰੀਆਂ ਸਿਆਹ ਕਾਲੀਆਂ ਜੁਵਰਾਂ ਜ਼ਵਰੇਂ, ਇਸ ਲਈ ਨਹੀਂ ਕਿ ਮੇਰਾ ਮੰਖ ਵਲ੍ਹੁਧਰੇਂ।

80

ਹੇ ਮੇਰੇ ਬੰਦਿਓ

ਤੁਸੀਂ ਮੇਰੇ ਬਾਗ਼ ਦੇ ਬਿਰਖ ਹੋ, ਤੁਹਾਡੇ ਲਈ ਸੋਹਣੇ ਅਤੇ ਵਧੀਆ ਫਲ ਦੇਣਾ ਅਵੱਸ਼ਕ ਹੈ,ਤਾਂ ਜੋ ਤੁਸੀਂ ਆਪ ਅਤੇ ਦੂਸਰੇ ਉਹਨਾਂ ਥੀਂ ਲਾਭ ਉਠਾ-ਉਣ। ਇਸ ਕਰਕੇ ਰਰੇਕ ਲਈ ਕਿਸੇ ਚੱਤੇ ਅਤੇ ਪੋਸ਼ੇ ਵਿੱਚ ਲੱਗ ਜਾਣਾ ਜ਼ਰੂਰੀ ਹੈ, ਕਿਉਂ ਜੋ ,ਹੇ ਬੁੱਧਵਾਨ, ਦੌਲਤਮੰਦੀ ਦਾ ਭੇਤ ਇਸੇ ਵਿੱਚ ਛੁਪਿਆ ਹੈ। ਕਾਰਨ ਇਹ ਕਿ ਫਲ ਸਾਧਨਾਂ ਤੇ ਨਿਰਭਰ ਹੁੰਦੇ ਹਨ ਅਤੇ ਰੱਬ ਦੀ ਤੁਹਾਡੇ ਤੇ ਚੌਖੀ ਮਿਹਰ ਹੋਵੇਗੀ। ਜਿਹੜੇ ਬਿਰਖ ਫਲ ਨਹੀਂ ਦਿੰਦੇ, ਉਹ ਅੱਗ ਜੋਗੇ ਹੀ ਰਹੇ ਹਨ ਅਤੇ ਰਹਿਣਗੇ ਭੀ।

97

81

ਹੇ ਮੇਰੇ ਬੰਦੇ

ਸਭ ਤੋਂ ਘਟੀਆ ਮਨੁੱਖ ਉਹ ਹਨ ਜਿਹੜੇ ਧਰਤੀ ਤੇ ਰਹਿੰਦੇ ਹਨ ਅਤੇ ਫਲ ਕੋਈ ਨਹੀਂ ਦਿੰਦੇ। ਅਜਿਹੇ ਮਨੁੱਖ ਜਿਥਰੇ ਹੀ ਮੁਰਦਿਆਂ ਵਿੱਚ ਗਿਣੇ ਜਾਂਦੇ ਹਨ, ਸਗੋਂ ਪ੍ਰਭੂ ਦੀਆਂ ਨਜ਼ਰਾਂ ਵਿੱਚ ਅਜਿਹੇ ਵਿਹਲੇ ਅਤੇ ਨਿਕੰਮੇ ਮਨੁੱਖਾਂ ਤੋਂ ਮੁਰਦੇ ਚੰਗੇ ਹਨ।

82

ਹੇ ਮੇਰੇ ਬੰਦੇ

ਸਭ ਤੋਂ ਚੰਗੇ ਮਨੁੱਖ ਉਹ ਹਨ ਜਿਹੜੇ ਕਿਰਤ ਕਰਕੇ ਰੱਜੀ ਕਮਾਉਂਦੇ ਹਨ ਅਤੇ ਜਹਾਨਾਂ ਦੇ ਵਾਲੀ ਪ੍ਰਭੂ ਦੇ ਪਿਆਰ ਦੀ ਖਾਤਰ ਉਸ ਨੂੰ ਆਪਣੇ ਸਕੇ-ਸੋਹੇਦਰਿਆਂ ਤੇ ਖਰਚ ਕਰਦੇ ਹਨ।

83

ਉਹ ਰਹੱਸਪੂਰਨ ਅਤੇ ਅਦਭੁਤ ਲਾੜੀ ਜਿਹੜੀ ਹਣ ਤੋਂ ਪਹਿਲਾਂ ਵਾਕ ਦੇ ਪਰਦੇ ਹੇਠ ਲੁਕੀ ਹੋਈ ਸੀ, ਹੁਣ ਰੱਬੀ ਮਿਹਰ ਅਤੇ ਈਸ਼ਵਰੀ ਦਇਆ ਨਾਲ ਪ੍ਰੀਤਮ ਦੇ ਰੂਪ ਦੀ ਝਲਕਦੀ ਜੋਤ ਵਾਂਗ, ਪ੍ਰਤੱਖ ਹੋ ਗਈ ਹੈ। ਮਿੱਤਰੋ : ਮੈਂ ਗਵਾਹੀ ਦਿਦਾ ਹਾਂ ਕਿ ਬਖਸ਼ਿਸ਼ ਪੂਰੀ ਹੋ ਗਈ ਹੈ, ਪ੍ਰਮਾਣ ਪ੍ਰਤੱਖ ਹੋ ਗਿਆ ਹੈ ਅਤੇ ਗਵਾਹੀ ਪੱਕੀ ਹੋ ਗਈ ਹੈ। ਹੁਣ ਇਹ ਦੇਖਣਾ ਹੈ ਕਿ ਨਿਰਲੇਪਤਾ ਦੇ ਰਾਹ ਤੇ ਤੁਹਡੇ ਵੱਲੋਂ ਕੀਤੇ ਅਏ ਜਤਨਾਂ ਤੋਂ ਕੀ ਪ੍ਰਗਟ ਹੁੰਦਾ ਹੈ। ਇਸ ਪ੍ਰਕਾਰ ਰੱਬ ਦੀ ਦਾਤ ਸਾਰੀ ਹੀ ਬਖਸ਼ ਦਿੱਤੀ ਗਈ ਹੈ, ਤੁਹ ਨੂੰ ਅਤੇ ਉਹਨਾਂ ਨੂੰ ਜਿਹੜ ਆਕਾਸ਼ ਵਿਚ ਹਨ ਅਤੇ ਧਰਤੀ ਤੇ ਹਨ। ਉਸਤਤੀ ਹੈ ਪ੍ਰਭੂ ਦੀ ਜਿਹੜਾ ਲੋਕ ਲਕਾਂਤਰਾਂ ਦਾ ਸੁਆਮੀ ਹੈ।